leK 18 B;g 8

# wrm pRc;r

ਫੁੱਲ ਦਾ ਬੂਟਾ, ਕੁਦਰਤ ਦੇ **'ਨਾਲ ਲਿਖੇ ਹੁਕਮ'** ਅਨੁਸਾਰ ਵਧਦਾ-ਫੁਲਦਾ ਹੈ। ਜਦ ਫੁੱਲ ਲਗਣ ਲਗਦੇ ਹਨ ਤਾਂ ਪਹਿਲਾਂ ਨਿਕੀ ਜਿਹੀ **'ਡੋਡੀ'** ਲਗਦੀ ਹੈ। ਉਹ ਵੱਧਦੀ ਹੋਈ ਜਦ ਪੂਰੇ ਜੋਬਨ ਤੇ ਆਉਂਦੀ ਹੈ, ਤਾਂ ਉਸ ਦੀਆਂ **ਪੰਖੜੀਆਂ ਖੁੱਲ੍ਹ ਜਾਂਦੀਆਂ ਹਨ** ਤੇ ਫੁੱਲ ਪੂਰਨ ਤੌਰ ਤੇ **ਖਿੜ ਜਾਂਦਾ ਹੈ।** ਉਸ ਫੁੱਲ ਵਿਚੋਂ—

ਮਹਿਕ (fragrance)
ਕੋਮਲਤਾ (delicacy)
ਸੁਹੱਪਣ (beauty)
ਜੋਬਨ (youthfulness)
ਨਵੀਨਤਾ (freshness)
ਖੇੜਾ (bloom)
ਜੀਵਨ-ਰੌਂ (life current)
ਰਸ (juice)
ਰੰਗ (colour)

**ਦੁਆਰਾ ਪ੍ਰਭੂ ਦੇ** –

ਸਤਿ ਸੁਹਾਣ
'ਬਲਿਹਾਰੀ ਕੁਦਰਤਿ ਵਸਿਆ'
'ਹੁਕਮ'

**ਦੀ ਸੰਪੂਰਨਤਾ ਦਾ ਪ੍ਰਗਟਾਵਾ ਹੁੰਦਾ ਹੈ।**

ਫੁੱਲ ਦੀ ਇਸ ਉਦਾਹਰਨ ਤੋਂ ਹੇਠ ਲਿਖੇ ਕੁਦਰਤ ਦੇ **ਨਿਯਮਾਂ** ਦਾ ਗਿਆਨ ਹੁੰਦਾ ਹੈ—

1. ਬੂਟੇ ਦੇ ਉੱਗਣ ਤੋਂ, ਫੁੱਲ ਖਿੜਨ ਤਾਂਈ, **ਜੀਵਨ** ਦੀ ਸਾਰੀ ਕਿਰਿਆ ਦੇ ਪ੍ਰਗਟਾਵੇ ਲਈ **ਅਸੂਲ** ਤੇ **ਸਮਾਂ** ਨੀਅਤ ਹਨ।
2. ਇਸ ਦੇ **'ਨਾਲ ਲਿਖੇ ਹੁਕਮ'** ਅਨੁਸਾਰ, ਇਸ ਨੂੰ **'ਮਾਂ' ਰੂਪੀ ਧਰਤੀ** ਵਿਚੋਂ ਲਗਾਤਾਰ **'ਜੀਵਨ-ਰੌਂ'** ਮਿਲਦੀ ਰਹਿੰਦੀ ਹੈ ਤੇ ਇਕਸਾਰ ਉਸ ਦੇ ਰਗੋ-ਰੇਸ਼ੇ



Lekh 18

## Dharam Parchaar

The flowering plant grows according to the law of nature. When it begins to flower the first thing that appears is a small bud. The bud grows and on full growth it opens its petals and blossoms as a complete flower. From the flower's

fragrance
delicateness
beauty
youthfulness
freshness
bloom
life-current
juice
colour

God's

True beauty
Residence (presence) in nature
Law

is fully expressed.

From the example of the flower above, knowledge of the following laws of nature become apparent.

1. For the full expression of the life of a plant from seed to the flowering plant, principles and time are necessary.
2. As per the law of nature, the plant receives a life –current from 'Mother Earth' and its growth throughout

ਵਿਚ ਓਤ-ਪੋਤ **ਵਰਤਦੀ ਰਹਿੰਦੀ ਹੈ।** ਪਰ ਜਦ ਅਸੀਂ ਹਉਮੈਂ ਦੀ ਢੀਠਤਾਈ ਦੁਆਰਾ, ਇਸ ਦੀ **'ਜੀਵਨ-ਰਵਾਨਗੀ'** ਵਿਚ **ਦਖਲ ਦਿੰਦੇ ਹਾਂ,** ਤਾਂ ਇਸ ਦੀ ਪ੍ਰਫੁਲਤਾ ਅਤੇ ਸੰਪੂਰਨਤਾ ਦੇ ਪ੍ਰਗਟਾਵੇ ਵਿਚ **ਵਿਘਨ ਪਾ ਦਿੰਦੇ ਹਾਂ।** ਦੂਜੇ ਲਫ਼ਜ਼ਾਂ ਵਿਚ, ਜੇਕਰ **ਡੋਡੀ** ਨੂੰ **ਖਿੜਨ ਤੋਂ ਪਹਿਲਾਂ ਹੀ ਤੋੜ ਲਿਆ ਜਾਵੇ,** ਤਾਂ ਫੁੱਲ ਦੀ ਸਮੁੱਚੀ ਖੁਸ਼ਬੋ ਆਦਿ ਅਨੇਕਾਂ ਗੁਣਾਂ ਤੋਂ **ਵਾਂਝੇ ਰਹਿੰਦੇ ਹਾਂ।**

3. ਇਸ ਤਰ੍ਹਾਂ ਕੁਦਰਤ ਦੀ **'ਰਵਾਨਗੀ'** ਜਾਂ ਹੁਕਮ ਵਿਚ **ਵਿਘਨ ਪਾਉਣਾ ਇਲਾਹੀ ਹੁਕਮ ਵਿਚ 'ਦਖਲ' ਦੇਣਾ ਹੈ, 'ਕਹਿਰ' ਹੈ, 'ਪਾਪ' ਹੈ** ਜੋ ਕਿ ਅਸੀਂ **ਜਾਣ ਬੁਝ** ਕੇ ਜਾਂ **ਅਭੋਲ ਹੀ** ਕਰੀ ਜਾਂਦੇ ਹਾਂ।

ਇਹ ਉਦਾਹਰਨ ਇਨਸਾਨਾਂ ਤੇ ਭੀ ਇਉਂ ਘੱਟਦੀ ਹੈ—

ਇਨਸਾਨ ਦੇ **ਆਤਮਿਕ-ਜੀਵਨ** ਦੇ ਵਧਣ, ਫੁਲਣ ਅਤੇ ਪ੍ਰਗਟਾਵੇ ਲਈ ਭੀ, **ਸਮੇਂ ਦੀ ਲੋੜ ਹੈ।** ਇਹ **ਸਮਾਂ** ਨੀਅਤ ਨਹੀਂ, ਕਿਉਂਕਿ ਇਹ ਸਾਰੀ ਆਤਮਿਕ ਜਗਿਆਸਾ ਸਤਿਗੁਰੂ ਦੀ ਬਖਸ਼ਿਸ਼, **ਨਦਰਿ-ਕਰਮ** (Grace) **ਦੀ ਖੇਲ ਹੈ।**

ਜਿਨ ਕਉ ਨਦਰਿ ਕਰਮੁ ਤਿਨ ਕਾਰ ॥ (ਪੰਨਾ-੮)

"ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ ॥" (ਪੰਨਾ-੨੯੮)

ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥ (ਪੰਨਾ-੭)

ਅਸੀਂ **ਕੁਝ ਸਮੇਂ ਲਈ** ਪਾਠ, ਪੂਜਾ, ਧਾਰਮਿਕ ਕਰਮ-ਕਿਰਿਆ ਦੀ **ਘਾਲਨਾ** ਘਾਲ ਕੇ ਉਚੇ-ਸੁਚੇ, ਅੰਤਰ-ਆਤਮੇ, ਇਲਾਹੀ **ਨਤੀਜਿਆਂ** ਲਈ **ਬੇ-ਸਬਰੇ** ਤੇ **ਕਾਹਲੇ ਪੈ ਜਾਂਦੇ ਹਾਂ**; ਤੇ ਨਿਰਾਸ਼ ਹੋ ਕੇ **'ਛਿਥੇ'** (frustrated) ਪੈ ਜਾਂਦੇ ਹਾਂ।

ਆਤਮਿਕ ਪੰਧ ਵਿਚ ਬੇ-ਸਬਰੀ, ਕਾਹਲ ਅਤੇ ਹਉਮੈਂ ਦੇ ਪ੍ਰਗਟਾਵੇ ਲਈ, **ਕੋਈ ਥਾਂ ਨਹੀਂ ਹੈ।** ਇਲਾਹੀ ਮਾਰਗ ਵਿਚ ਤਾਂ ਅਤਿਅੰਤ **'ਸਬਰੁ-ਸਬੂਰੀ'** ਦੀ ਲੋੜ ਹੈ—

"ਜਤੁ ਪਾਹਾਰਾ ਧੀਰਜੁ ਸੁਨਿਆਰੁ ॥" (ਪੰਨਾ-੮)

ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ ॥ (ਪੰਨਾ-੧੩੮੧)

ਸਿਦਕੁ ਸਬੂਰੀ ਸਾਦਿਕਾ ਸਬਰੁ ਤੋਸਾ ਮਲਾਇਕਾ ॥

ਦੀਦਾਰੁ ਪੂਰੇ ਪਾਇਸਾ ਥਾਉ ਨਾਹੀ ਖਾਇਕਾ ॥ (ਪੰਨਾ-੮੩)

ਗੁਰਬਾਣੀ ਆਤਮਿਕ ਜਗਿਆਸੂਆਂ ਲਈ, ਹੇਠ ਲਿਖੀ **ਭਾਵਨਾ ਨਾਲ ਅਰਦਾਸ** ਕਰਨੀ ਸਿਖਾਉਂਦੀ ਹੈ—

ਗਿਆਨੁ ਧਿਆਨੁ ਕਿਛੁ ਕਰਮੁ ਨ ਜਾਨਾ ਨਾਹਿਨ ਨਿਰਮਲ ਕਰਣੀ ॥

ਸਾਧਸੰਗਤਿ ਕੈ ਅੰਚਲਿ ਲਾਵਹੁ ਬਿਖਮ ਨਦੀ ਜਾਇ ਤਰਣੀ ॥ (ਪੰਨਾ-੭੦੨)



is being continuously taken care of. However whenever we interfere with its growth to maturity due to our stubborn ego, we disturb its natural growth. For example, if we break the bud before it can flower, then we lose out on the fragrance of the flower and its many other beautiful qualities/virtues.

3. To purposely or innocently obstruct the flow or law of nature, to interfere with the Divine law is (a form of) cruelty, a sin.

This example also applies to human beings

For the growth, expression and manifestation of the spiritual life of man, time is necessary. The exact moment is not predetermined as spiritual discipleship is the play of the blessing and grace of the Satguru.

1 *Such is the karma of those upon whom He has cast His Glance of Grace.* 8

2 *The mind comes to be controlled, O Nanak, if He grants His Perfect Grace.* 298

3 *No power to gain intuitive understanding, spiritual wisdom and meditation.* 7

We make an effort over a certain period of time and do paath (read religious texts), worship and religious rites and rituals and then become impatient about (getting) the lofty – pure, innate, divine results. This upsets us and causes frustration.

There is no place for impatience, hurry and egoistical expression for those on the spiritual path. On the Divine path extreme patience is necessary.

4 *Let self-control be the furnace, and patience the goldsmith.* 8

5 *The dervishes, the humble devotees, have the patient endurance of trees.* 1381

6 *Faith, contentment and tolerance are the food and provisions of the angels.*
*They obtain the Perfect Vision of the Lord, while those who gossip find no place of rest.* 83

In the following lines Gurbani teaches the spiritual seeker how to do ardas (i.e.make supplications –ask for God's intervention) with sincere devotion.

7 *I do not know anything about spiritual wisdom, meditation or karma, and my way of life is not clean and pure.*
*Please attach me to the hem of the robe of the Saadh Sangat, the Company of the Holy; help me to cross over the terrible river.* 702

ਨਾਨਕੁ ਗਰੀਬੁ ਢਹਿ ਪਇਆ ਦੁਆਰੈ ਹਰਿ ਮੇਲਿ ਲੈਹੁ ਵਡਿਆਈ ॥ (ਪੰਨਾ-੭੫੭)

ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥ (ਪੰਨਾ-੬੪੧)

ਹਾ ਹਾ ਪ੍ਰਭੁ ਰਾਖਿ ਲੇਹੁ ॥

ਹਮ ਤੇ ਕਿਛੂ ਨ ਹੋਇ ਮੇਰੇ ਸ੍ਵਾਮੀ ਕਰਿ ਕਿਰਪਾ ਅਪੁਨਾ ਨਾਮੁ ਦੇਹੁ ॥ (ਪੰਨਾ-੬੭੫)

ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ ਜਿਉ ਭਾਵੈ ਤਿਵੈ ਬਖਸਿ ॥ (ਪੰਨਾ-੭੩੬)

ਪਾਣੀ ਦੇ ਨਲਕੇ ਵਿਚ, ਜਦ ਕੋਈ ਵਿਘਨ ਜਾਂ '**ਰੁਕਾਵਟ**' ਪੈ ਜਾਵੇ, ਤਾਂ ਉਸ ਵਿਚੋਂ ਪਾਣੀ ਦਾ '**ਵੇਗ**' (flow) ਘਟ ਜਾਂ **ਰੁਕ ਜਾਂਦਾ ਹੈ** ਅਤੇ ਅਸੀਂ ਪਾਣੀ ਦੇ ਸੁਖਾਂ ਤੋਂ **ਵਾਂਝੇ ਰਹਿੰਦੇ ਹਾਂ।**

ਏਸੇ ਤਰ੍ਹਾਂ ਹਜ਼ੂਰੀ-ਸਿਮਰਨ ਵਿਚ ਵਿਘਨ ਪੈਣ ਕਰਕੇ ਅੰਤਰ-ਆਤਮੇ, ਇਲਾਹੀ ਮੰਡਲ ਦੇ **ਖੂਹਟੇ** ਵਿਚੋਂ, ਮਨ ਯਾ **ਹਿਰਦੇ ਵਲ**, ਇਲਾਹੀ '**ਜੀਵਨ-ਰੌਂ**', 'ਸ਼ਬਦ', 'ਨਾਮ' ਦੇ **ਵੇਗ** (Divine flow of grace) ਵਿਚ **ਰੁਕਾਵਟ ਪੈ ਜਾਂਦੀ ਹੈ**, ਅਸੀਂ ਆਤਮਿਕ ਮੰਡਲ ਦੀਆਂ ਸਾਰੀਆਂ ਬਖਸ਼ਿਸ਼ਾਂ ਤੇ **ਬਰਕਤਾਂ ਤੋਂ ਵਾਂਝੇ ਰਹਿੰਦੇ ਹਾਂ** ਤੇ ਤ੍ਰੈਗੁਣੀ ਮਾਇਕੀ ਮੰਡਲ ਦੇ **ਭਰਮ-ਭੁਲਾਵੇ** ਵਿਚ ਦੁਖੀ ਹੁੰਦੇ ਹਾਂ।

ਸਾਡਾ ਮਾਨਸਿਕ ਤੇ ਆਤਮਿਕ **ਜੀਵਨ**, ਸਾਡੇ ਖ਼ਿਆਲਾਂ, ਨਿਸ਼ਚਿਆਂ ਤੇ **ਸ਼ਰਧਾ ਭਾਵਨੀ ਤੇ ਨਿਰਭਰ ਹੈ।** ਪਰ ਅਸੀਂ ਆਪਣੀ ਹਉਮੈ ਦੇ ਭਰਮ-ਭੁਲਾਵੇ ਵਿਚ, ਆਪਣੇ **ਆਤਮਿਕ ਵਿਰਸੇ –'ਸਬਦ', 'ਨਾਮ', 'ਗੁਰਪ੍ਰਸਾਦਿ' ਤੋਂ** ਅਣਜਾਣ, ਅਗਿਆਨ, ਬੇ-ਖਬਰ, ਬੇ-ਪ੍ਰਵਾਹ, ਅਵੇਸਲੇ, ਬੇ-ਸੁਰੇ, ਭਟਕੇ, ਨਿਸਚੇ-ਹੀਣ ਅਤੇ ਸ਼ਰਧਾ-ਹੀਣ ਹੋ ਗਏ ਹਾਂ ਅਤੇ '**ਰੱਬੀ ਹੋਂਦ**' (Divine presence) ਯਾ ਹਜ਼ੂਰੀ ਦੇ **ਇਲਾਹੀ 'ਨਿੱਘ'** ਤੇ ਉਸ ਦੇ '**ਗੁਰ ਪ੍ਰਸਾਦਿ**' ਤੋਂ **ਵਾਂਝੇ ਰਹਿੰਦੇ ਹਾਂ** ਤੇ ਮਾਇਕੀ ਮੰਡਲ ਦੇ ਹਨੇਰ ਵਿਚ '**ਪੰਜਾਂ' ਦੇ ਵਸ** ਪੈ ਜਾਂਦੇ ਹਾਂ।

ਇਹ '**ਵਿਘਨ**' ਜਾਂ ਰੁਕਾਵਟ, ਕੋਈ ਬਾਹਰਮੁੱਖੀ ਦ੍ਰਿਸ਼ਟਮਾਨ '**ਠੁੱਲੀ**' **ਚੀਜ਼** ਜਾਂ **ਕਰਮ-ਕਿਰਿਆ ਨਹੀਂ**, ਬਲਕਿ ਸਾਡੇ ਹਿਰਦੇ ਵਿਚ ਆਤਮਿਕ ਨਿਸਚੇ ਜਾਂ **ਸ਼ਰਧਾ-ਭਾਵਨੀ ਦੀ 'ਘਾਟ' ਜਾਂ 'ਅਣਹੋਂਦ' ਹੀ ਹੈ।**

ਦੂਜੇ ਲਫਜ਼ਾਂ ਵਿਚ ਇਹ **ਰੁਕਾਵਟ**, ਸਾਡੀ **ਕੂੜੀ ਹਉਮੈ ਦੇ ਭਰਮ-ਭੁਲਾਵੇ** ਦਾ **ਹਨੇਰ ਹੀ ਹੈ।** ਇਹ **ਭਰਮ ਦਾ 'ਹਨੇਰ'** ਰੱਬੀ ਪ੍ਰਕਾਸ਼ ਦੇ **ਚਾਨਣ ਦੀ ਅਣਹੋਂਦ ਦਾ ਹੀ ਨਾਉਂ ਹੈ। ਜਿਥੇ ਚਾਨਣ ਹੈ, ਉਥੇ ਹਨੇਰੇ ਦੀ ਹੋਂਦ ਨਹੀਂ ਹੋ ਸਕਦੀ।**

ਜਿਉਂ ਜਿਉਂ, ਮਾਇਆ ਦੇ ਭਰਮ-ਭੁਲਾਵੇ ਦੀ ਅਗਿਆਨਤਾ ਕਾਰਣ, ਸਾਡੇ ਮਨ ਵਿਚ **ਰੱਬ ਦੀ 'ਹੋਂਦ'** ਅਤੇ ਉਸ ਦੇ 'ਹੁਕਮੁ', 'ਸਬਦੁ', 'ਨਾਮੁ' ਦੀ ਬਾਬਤ —



1 *Poor Nanak has fallen at the Lord's Door; please, O Lord, unite me with Yourself, by Your Glorious Greatness.* *757*

2 *I have collapsed, exhausted, at the Door of my Lord Master; I pray that He may grant me a discerning intellect.* *641*

3 *By myself, I cannot do anything, O my Lord and Master; by Your Grace, please bless me with Your Name.* *675*

4 *I have no power to do anything at all. As it pleases You, You forgive us.* *736*

If there is an obstruction or a block in the pipe leading to a tap, the flow of water may decrease or stop and we will remain bereft of the comforts of water.

In the same way any obstruction in practicing simran ( the practice of abiding in the presence of God), will cause a blockage in the Divine flow of Grace (flow of life-current, Word, Naam) from the innate depth of the Divine realm towards the mind or heart. As such we become bereft of all the blessings and grace of the Divine realm and remain unhappy in the doubt-fallacy world of materialism.

Our mental and spiritual life is dependant upon our thoughts, beliefs and faith. However because of the doubt-fallacy of the ego, we have become unknowledgeable, ignorant, uninformed, careless, indifferent, out of tune, apprehensive, faithless about our spiritual heritage – 'Shabad' (Word), 'Naam', 'Gurparsaad' (Guru's Grace). As such, we become bereft of (or separated from) the warmth of His Divine Presence and His Grace, and remain caught in the darkness of the materialistic world, we become the victims of the 'five' (lust, anger, greed, attachment and pride).

This hitch or obstruction is not some external, visible, 'gross' thing or deed. Instead it is the lack or absence of spiritual belief or sincere devotion.

In other words this obstruction is the darkness of our doubt ridden fallacy of our false ego. This darkness of doubt is just the absence of Divine Light. Wherever there is light darkness cannot remain there.

Due to the ignorance of the doubt-ridden-materialistic world as (questions about) the existence of God, His order, Shabad, Naam surface:-

suspicion arises

ਨਿਸਚਾ ਡੋਲਦਾ ਹੈ

ਸ਼ਰਧਾ-ਭਾਵਨੀ ਘਟਦੀ ਹੈ

**ਭੁੱਲ** ਵਾਪਰਦੀ ਹੈ

ਤਿਉਂ ਤਿਉਂ, ਸਾਡੇ ਹਿਰਦੇ ਅੰਦਰ 'ਗੁਰ ਪ੍ਰਸਾਦਿ' ਦੀ ਇਲਾਹੀ '**ਜੀਵਨ-ਰੌਂ**' ਦਾ ਵੇਗ ਯਾ ਪ੍ਰਵਾਹ (flow of Divine Grace) **ਘਟਦਾ ਜਾਂਦਾ** ਹੈ ਅਤੇ ਅਸੀਂ ਇਲਾਹੀ ਗੁਣਾਂ ਤੇ ਬਰਕਤਾ ਤੋਂ **ਵਾਂਝੇ ਹੁੰਦੇ ਜਾਂਦੇ ਹਾਂ।** ਇਸ ਤਰ੍ਹਾਂ '**ਰੱਬੀ ਹੋਂਦ**' ਤੋਂ ਅਸੀਂ ਬੇ-ਸੁਰੇ, ਬੇ-ਮੁੱਖ, ਬੇ-ਪ੍ਰਵਾਹ, ਢੀਠ, ਮਟਰੋੜ, ਨਾਸਤਕ, ਅਗਿਆਨੀ ਤੇ ਮਨਮੁਖ ਹੋ ਕੇ, 'ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ' ਵਾਲਾ ਦੁਖੀ ਮਾਇਕੀ ਜੀਵਨ ਬਤੀਤ ਕਰਦੇ ਹਾਂ।

ਜੇ ਮਾੜੀ-ਮੋਟੀ, **ਓਪਰੀ ਜਿਹੀ 'ਸ਼ਰਧਾ'** ਹੁੰਦੀ ਭੀ ਹੈ, ਤਾਂ ਉਹ ਭੀ '**ਪੰਜਾਂ**' ਦੇ ਭਾਂਤ ਭਾਂਤ ਦੇ ਚਲਿਤਰਾਂ, ਮਨ-ਮੋਹਣੇ ਚਮਤਕਾਰਾਂ ਜਾਂ 'ਧਾਣਕ ਰੂਪ' ਦੀਆਂ ਭਿਅੰਕਰ ਧਮਕੀਆਂ, ਚਿੰਤਾ, ਫ਼ਿਕਰਾਂ, ਈਰਖਾ-ਦਵੈਖ, ਕ੍ਰੋਧ, ਵੈਰ-ਵਿਰੋਧ, ਨਫ਼ਰਤ, ਝਗੜਿਆਂ ਆਦਿ ਨਾਲ, ਫ਼ੌਰਨ '**ਛਾਂਈ ਮਾਂਈਂ**' ਹੋ ਕੇ '**ਉਡ-ਪੁਡ' ਜਾਂਦੀ ਹੈ।**

ਉਦਾਹਰਣ ਦੇ ਤੌਰ ਤੇ ਜਦ ਕੋਈ ਔਕੜ ਆ ਪੈਂਦੀ ਹੈ, ਤਾਂ ਇਕ ਪਾਸੇ ਤਾਂ ਅਸੀਂ 'ਆਖੰਡ ਪਾਠ' ਸੁਖ ਕੇ **ਅਰਦਾਸਾਂ ਕਰਉਂਦੇ ਹਾਂ,** ਦੂਜੇ ਪਾਸੇ ਦੁਨਿਆਵੀ ਅਫ਼ਸਰਾਂ ਦੀਆਂ **'ਸਿਫ਼ਾਰਸ਼ਾਂ' ਪਵਾਉਂਦੇ** ਹਾਂ, ਤੀਜੇ ਪਾਸੇ **'ਰਿਸ਼ਵਤ' ਦਾ ਹਥਿਆਰ ਭੀ ਵਰਤ ਲੈਂਦੇ ਹਾਂ।** ਏਥੇ ਹੀ ਬਸ ਨਹੀਂ, ਧਾਰਮਿਕ ਦੈਵੀ ਨਿਸਚਿਆ ਨੂੰ **ਛਿਕੇ ਟੰਗ, ਕੇ** ਆਪਣੀਆਂ ਸਿਆਣਪਾਂ ਤੇ ਚੁਤਰਾਈਆਂ ਨਾਲ, **ਜਾਇਜ਼-ਨਜ਼ਾਇਜ਼ ਉਕਤੀਆਂ-ਜੁਗਤੀਆਂ, ਸਕੀਮਾਂ ਘੋਟਦੇ ਰਹਿੰਦੇ ਹਾਂ।**

ਸਾਡੀ ਮਾਨਸਿਕ ਗਿਰਾਵਟ (moral degeneration) ਤਾਂ ਇਥੋਂ ਤਾਈਂ **ਵੱਧ ਗਈ** ਹੈ, ਕਿ **ਨਿੱਕੀ ਜਿਹੀ ਫਜ਼ੂਲ ਗੱਲ ਲਈ ਭੀ ਝੂਠ ਬੋਲਣਾ ਤੇ ਕੂੜ ਕਮਾਉਣਾ** ਸਾਡਾ **ਸੁਭਾਉ ਹੀ ਬਣ ਗਿਆ ਹੈ।** ਇਹ **ਮਾਨਸਿਕ ਗਿਲਾਨੀ** ਸਾਡੇ ਅੰਤਿਸ਼ਕਰਨ ਵਿਚ ਇਤਨੀ **ਧਸ, ਵਸ, ਰਸ** ਗਈ ਹੈ, ਕਿ ਜੀਵਨ ਦਾ '**ਅੰਗ**' **ਹੀ ਬਣ ਗਈ ਹੈ।**

ਹਾਸੋ-ਹੀਣੀ ਗੱਲ ਤਾਂ ਇਹ ਹੈ, ਕਿ ਅਸੀਂ ਇਸ '**ਕੂੜ**' **ਨੂੰ ਹੀ ਜਾਇਜ਼ ਜਾਂ 'ਸੱਚ' ਬਣਾਈ ਬੈਠੇ ਹਾਂ** ਇਸ **ਕੂੜੇ 'ਖੇਲ-ਅਖਾੜੇ'** ਵਿਚ, ਇਕ ਦੂਸਰੇ ਤੋਂ **ਵੱਧਣ** ਲਈ (competition in corruption) ਹੀ **ਸਾਰਾ ਜ਼ੋਰ ਲਾਈ ਜਾਂਦੇ ਹਾਂ** ਤੇ ਇਸ ਕੂੜੀ 'ਕਾਮਯਾਬੀ' ਨਾਲ ਭਲੇ-ਭਲੇਰੇ ਬਣ ਕੇ **ਆਫਰੇ ਫਿਰਦੇ ਹਾਂ।**

ਗੁਰਬਾਣੀ ਵਿਚ ਸਾਡੀ ਇਸ ਦੁਰਦਸ਼ਾ ਦਾ ਨਕਸ਼ਾ ਇਉਂ ਖਿਚਿਆ ਗਿਆ ਹੈ —

ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥...
ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ ॥ (ਪੰਨਾ-੪੬੮)



faith begins to waver
devotion begins to decline
erring takes place

at the same time within our heart the flow of Divine Grace-the Divine life current (emanating from) the Grace of the Guru- withers away leaving us bereft of the of spiritual virtues and blessings. In this way we get out of tune, turn our back, be irresponsible, stubborn, dogmatic, ignorant about the 'presence of God' and following the dictates of our mind (being a manmukh) we lead a sorrowful life that is *'ensnared and enmeshed in false deeds and attachments'.*

Even if we possess some little devotion, it is superficial, and we lose even this as we get enticed by the attractions and allurements of the five (vices) or all this evaporates and disappears in the midst of 'demonic form' that cause frightening threats, anxieties, worries, jealousy-duality, anger, enmity- argument, hatred, quarrels etc.

As an example, when we are faced by a difficulty, on the one side we make a vow to hold an 'akhand paath' and do 'ardas' ( invoke help from God) and on the other side we seek the recommendation of some worldly official and yet there is a third side where we use the weapon of 'bribery'. As if this is not enough, we put on hold our divine virtuous habits and use our intelligence and cunningness to indulge in legitimate or illegitimate designs – methodologies and schemes.

Our moral degeneration has gone to such an extent that even for a small thing, we have developed the habit of telling lies and indulging in falsehood. This mental decline has penetrated, permeated, infused into our subconscious self to such an extent, that it has become a 'part' of our life.

The ridiculous thing is that we have legitimized or accepted the falsehood as truth and to get ahead of each other, we are expanding all our energy in this 'arena' of falsehood where competition and corruption prevails. Feeling virtuous about this kind of false 'success' we become all the more egoistical.

Gurbani has drawn the map of our sorry state in the following way:-

*False is the king, false are the subjects; false is the whole world....*
*The false ones love falsehood, and forget their Creator.* 468

ਪੜਹਿ ਮਨਮੁਖ ਪਰੁ ਬਿਧਿ ਨਹੀ ਜਾਨਾ ॥
ਨਾਮੁ ਨ ਬੂਝਹਿ ਭਰਮਿ ਭੁਲਾਨਾ ॥
ਲੈ ਕੈ ਵਢੀ ਦੇਨਿ ਉਗਾਹੀ ਦੁਰਮਤਿ ਕਾ ਗਲਿ ਫਾਹਾ ਹੇ ॥ (ਪੰਨਾ-੧੦੩੨)

ਸਾਕਤੀ ਪਾਪ ਕਰਿ ਕੈ ਬਿਖਿਆ ਧਨੁ ਸੰਚਿਆ
ਤਿਨਾ ਇਕ ਵਿਖ ਨਾਲਿ ਨ ਜਾਈ ॥ (ਪੰਨਾ-੭੩੪)

ਇਸ '**ਕੂੜੇ ਡਰਾਮੇ**' ਅੰਦਰ **ਜ਼ਬਰਦਸਤ** '**ਨੀਵੇਂ ਮੁਕਾਬਲੇ**' (immoral competition) ਵਿਚ **ਸਿਰ-ਤੋੜ ਦੌੜ ਲਗਾਈ ਹੋਈ ਹੈ ।**

**We are caught in the *vicious competition* towards *bottomless quagmire of Maya*.**

ਅਫ਼ਸੋਸ ਦੀ ਗਲ ਤਾਂ ਇਹ ਹੈ, ਕਿ ਰੱਬ ਦੀ ਰਚੀ ਹੋਈ **ਸ਼੍ਰੋਮਣੀ ਇਨਸਾਨੀ** '**ਜੂਨ**', ਹਉਮੈਂ ਦੇ **ਦੀਰਘ-ਰੋਗ ਨਾਲ**, ਮਾਨਸਿਕ ਗਿਲਾਨੀ ਵਿਚ ਇਤਨੀ '**ਗਰਕ**' **ਹੋ ਚੁੱਕੀ ਹੈ**, ਕਿ **ਚੰਗੇ-ਮਾੜੇ, ਨੇਕੀ-ਬਦੀ, ਝੂਠ-ਸੱਚ ਨੂੰ ਪਹਿਚਾਣਨ** ਜਾਂ **ਮਹਿਸੂਸ ਕਰਨ ਤੋਂ** ਭੀ '**ਢੀਠ**' (obstinate) ਹੋ ਗਈ ਹੈ ।

**The tragedy of humanity is that, the exalted Human being, created by God in His own image, has degenerated to such a low-degree, that he has lost the sense of discrimination of right and wrong, truth and falsehood, virtue and vice and has become indifferent or *stubborn* to the *higher inspiration* of morality or Religion. In fact humanity is suffering from the *Crisis of Faith* in Moral, Religious and Spiritual *Values of Life.***

ਸਾਡੀ ਮਾਨਸਿਕ ਗਿਲਾਨੀ ਦਾਂ ਕਾਰਨ ਇਹ ਹੈ, ਕਿ ਹਉਮੈਂ ਵਿਚੋਂ ਉਪਜੀ '**ਮੈਂ-ਮੇਰੀ**' (selfishness) ਦੀ **ਬੁਨਿਆਦਿ** ਤ੍ਰੈਗੁਣੀ ਮਾਇਕੀ **ਭਰਮ-ਭੁਲਾਵੇ** ਤੇ **ਨਿਰਭਰ** ਹੈ, ਜੋ ਕਿ ਬੁੱਧੀ ਦੇ ਦਾਇਰੇ ਤਾਂਈ **ਸੀਮਤ** ਹੈ ।

ਇਹ **ਦਿਮਾਗੀ** '**ਨਿਸਚੇ**' ਭੀ, ਸਾਡੀ ਚੰਗੀ ਮਾੜੀ ਸੰਗਤ ਅਤੇ ਵਾਤਾਵਰਨ ਅਨੁਸਾਰ **ਬਦਲਦੇ** ਰਹਿੰਦੇ ਹਨ । ਇਸ ਲਈ ਸਾਡੇ ਨਿਸਚਿਆਂ ਜਾਂ ਸ਼ਰਧਾ-ਭਾਵਨੀ ਦੀ ਕੋਈ ਪੱਕੀ, ਅਟੱਲ, ਸੱਚੀ-ਸੁੱਚੀ **ਬੁਨਿਆਦ ਨਹੀਂ ਹੈ ।**

**Our so called beliefs and faiths are based on flimsy dogmatic mental ideas and hypothesis, which change from time to time according to outer circumstances, and have *no roots* in True Eternal Changeless *Foundation of Divinity*.**

'**ਅਕਾਲ ਪੁਰਖ**' ਅਤੇ ਉਸ ਦੇ '**ਗੁਰ ਪ੍ਰਸਾਦਿ**' **ਦਾ** '**ਵਿਸ਼ਵਾਸ**' ਹੀ ਸਾਡੇ ਨਿਸਚੇ,



1 *The self-willed manmukhs read and study, but they do not know the way.*
*They do not understand the Naam, the Name of the Lord; they wander, deluded by doubt.*
*They take bribes, and give false testimony; the noose of evil-mindedness is around their necks.* 1032

2 *The faithless cynics commit sins and gather in their poisonous wealth, but it shall not go along with them for even a single step.* 734

We are competing against each other in a hurry to win this immoral competition within this false drama .

We are caught in this vicious competition towards the bottomless quagmire of Maya.

The tragedy however, is such that the exalted human being created by God in His own image has degenerated to such a low level that he has lost the sense of discrimination of right and wrong, truth and falsehood, virtue and vice and become indifferent or stubborn to the higher inspiration of morality of religion. In fact humanity is suffering from the crisis of Faith in Moral, Religious and Spiritual values of Life.

The basis for our moral degradation is our selfish ego, which has arisen from the doubt ridden materialistic world of three qualities and is limited to the boundary of our intellect.

Our so called beliefs and faiths are based on flimsy dogmatic, mental ideas and hypotheses which change from time to time according to outer circumstances and have no roots in the True Eternal Changeless Foundation of Divinity.

Faith in God and in His Grace

ਭਰੋਸੇ ਤੇ ਸ਼ਰਧਾ-ਭਾਵਨੀ ਦੀ **ਸੱਚੀ-ਸੁੱਚੀ, ਅਟਲ 'ਬੁਨਿਆਦ'** ਹੈ।

**ਇਸ ਤੋਂ ਬਗੈਰ,** ਹੋਰ ਮਾਇਕੀ, **ਦਿਮਾਗੀ 'ਨਿਸਚੇ',** ਸਭ ਝੂਠੇ, ਫੋਕੇ, ਬੇ-ਬੁਨਿਆਦ ਤੇ **'ਜੜ-ਹੀਣ'** ਹਨ ਤੇ **ਬਦਲਦੇ ਰਹਿੰਦੇ** ਹਨ।

ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥
ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥ (ਪੰਨਾ-੨੮੫)

ਜਾ ਕੈ ਮਨਿ ਗੁਰ ਕੀ ਪਰਤੀਤਿ ॥
ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥ (ਪੰਨਾ-੨੮੩)

ਜਿਸ ਤਰ੍ਹਾਂ ਕੋਈ ਸ਼ਹਿਜ਼ਾਦਾ ਗੁਆਚ ਜਾਂ ਭੁੱਲ ਜਾਵੇ ਅਤੇ ਆਪਣੀ **'ਸ਼ਾਹੀ ਵਿਰਾਸਤ'** (royal heritage) ਤੋਂ **ਅਣਜਾਣ ਤੇ ਬੇ-ਖਬਰ ਹੋ ਕੇ,** ਸ਼ਾਹੀ ਘਰਾਣੇ ਦੀਆਂ ਸਾਰੀਆਂ **ਬਰਕਤਾਂ ਤੋਂ ਵਾਂਝਾ ਰਹਿੰਦਾ ਹੈ**— ਉਸੇ ਤਰ੍ਹਾਂ ਅਸੀਂ ਆਪਣੀ **'ਇਲਾਹੀ ਵਿਰਾਸਤ'** ਤੋਂ ਅਣਜਾਣ ਤੇ **'ਭੁੱਲ' ਵਿਚ ਹਾਂ** ਤ 'ਅਗਨ ਸੋਕ ਸਾਗਰ' ਵਿਚ **ਗੋਤੇ ਖਾ ਖਾ ਕੇ** ਦੁਖੀ ਹੋ ਰਹੇ ਹਾਂ—

ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥
ਜੈਸਾ ਮਾਨੀਐ ਹੋਇ ਨ ਤੈਸਾ ॥੧॥ ਰਹਾਉ ॥
ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ ॥
ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ ॥ (ਪੰਨਾ-੬੫੭-੫੮)

ਇਸ **'ਭੁੱਲ' ਨੂੰ ਮੁੜ 'ਯਾਦ' ਵਿਚ ਬਦਲਣ ਲਈ** ਤੇ ਆਤਮਿਕ **ਅਨੁਭਵੀ ਗਿਆਨ** ਨਾਲ ਆਪਣੀ **'ਇਲਾਹੀ ਵਿਰਾਸਤ'** ਨੂੰ ਬੁਝਣ, ਜਾਨਣ, ਪਹਿਚਾਨਣ ਲਈ ਗੁਰਬਾਣੀ ਵਿਚ ਬੜੇ ਸੌਖੇ ਨੁਸਖੇ ਦਸੇ ਗਏ ਹਨ—

ਅਵਰਿ ਕਾਜ ਤੇਰੈ ਕਿਤੈ ਨ ਕਾਮ ॥
ਮਿਲੁ ਸਾਧਸੰਗਤਿ ਭਜੁ ਕੇਵਲ ਨਾਮੁ ॥ (ਪੰਨਾ-੧੨)

ਸਾਜਨ ਸੰਤ ਕਰਹੁ ਇਹੁ ਕਾਮੁ ॥
ਆਨ ਤਿਆਗਿ ਜਪਹੁ ਹਰਿ ਨਾਮੁ ॥ (ਪੰਨਾ-੨੯੦)

ਸੇਈ ਪਿਆਰੇ ਮੇਲੀ ਜਿਨ੍ਹਾ ਮਿਲਿਆ ਤੇਰਾ ਨਾਮੁ ਚਿਤ ਆਵੈ ॥ (ਅਰਦਾਸ)

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥ (ਪੰਨਾ-੪੪੧)

ਜਹ ਅਬਿਗਤੁ ਭਗਤੁ ਤਹ ਆਪਿ ॥
ਜਹ ਪਸਰੈ ਪਾਸਾਰੁ ਸੰਤ ਪਰਤਾਪਿ ॥ (ਪੰਨਾ-੨੯੨)

ਮੇਰੇ ਸਾਜਨ ਹਰਿ ਹਰਿ ਨਾਮੁ ਸਮਾਲਿ ॥
ਸਾਧੂ ਸੰਗਤਿ ਮਨਿ ਵਸੈ ਪੂਰਨ ਹੋਵੈ ਘਾਲ ॥ (ਪੰਨਾ-੫੨)

is the True and Eternal Foundation of our beliefs, faith and devotion.

Other than this, all materialistic and philosophical discussions are false, tasteless, without foundation, rootless and constantly changing.

1 *One whose heart is filled with faith in God*
*- the essence of spiritual wisdom is revealed to his mind. 285*

2 *One who has faith in the Guru in his mind*
*comes to dwell upon the Lord God. 283*

We are just like the prince who got lost or forgot his true heritage and was unaware and ignorant of it, also lost out on all the advantages. Similarly we are ignorant and uninformed of our royal heritage and hence suffer the consequences of deep involvement with this ad and burning materialistic world..

3 *O Lord, what can I say about such an illusion?*
*Things are not as they seem. ||1||Pause||*
*It is like the king, who falls asleep upon his throne, and dreams that he is a beggar.*
*His kingdom is intact, but separated from it, he suffers in sorrow. Such is my own condition. 647*

GURBANI has given us the following advice to convert our forgetfulness to remembrance and to regain our lost royal heritage and able to guess, know and recognise our true nature.

4 *Nothing else will work. Join the Saadh Sangat, the Company of the Holy; vibrate and meditate on the Jewel of the Naam. Pg 12*

5 *O friends, O Saints, make this your work.*
*Renounce everything else, and chant the Name of the Lord. 290*

6 *(O Lord) make me meet those beloveds on meeting whom I remember Your Name. Ardas*

7 *O my mind, you are the embodiment of the Divine Light - recognize your own origin. 441*

8 *Wherever the Eternal Lord's devotee is, He Himself is there.*
*He unfolds the expanse of His creation for the glory of His Saint. 292*

9 *O my friend, reflect upon the Name of the Lord, Har, Har*
*In the Saadh Sangat, He dwells within the mind, and one's works are brought to perfect fruition.52*

ਜਦ ਕਦੇ ਅਤਿਅੰਤ ਦੁਖੀ ਹੋ ਕੇ 'ਜੀਵ', **ਪੂਰਨ ਸ਼ਰਧਾ ਭਾਵਨੀ ਨਾਲ, 'ਤ੍ਰਾਹ-ਤ੍ਰਾਹ' ਕਰਦਾ ਹੋਇਆ,** ਗੁਰੂ ਸਰਣੀ ਢਹਿ ਪੈਂਦਾ ਹੈ ਤਾਂ ਸਤਿਗੁਰੂ ਫ਼ੌਰਨ **ਬਹੁੜਦਾ ਹੈ** ਅਤੇ ਆਪਣੇ 'ਸਦ-ਬਖਸਿੰਦ', 'ਸਦਾ ਮਿਹਰਵਾਨ' ਦਾ **'ਬਿਰਦ' ਪਾਲਦਾ ਹੈ।**

ਜਿਥੈ ਹਰਿ ਆਰਾਧੀਐ ਤਿਥੈ ਹਰਿ ਮਿਤੁ ਸਹਾਈ ॥
ਗੁਰ ਕਿਰਪਾ ਤੇ ਹਰਿ ਮਨਿ ਵਸੈ ਹੋਰਤੁ ਬਿਧਿ ਲਇਆ ਨ ਜਾਈ ॥ (ਪੰਨਾ-੭੩੩-੩੪)
ਤੂੰ ਵਿਸਰਹਿ ਤਾਂ ਸਭੁ ਕੋ ਲਾਗੂ ਚੀਤਿ ਆਵਹਿ ਤਾਂ ਸੇਵਾ ॥ (ਪੰਨਾ-੩੮੩)
ਜੈਸੀ ਪਿਆਸ ਹੋਇ ਮਨ ਅੰਤਰਿ ਤੈਸੋ ਜਲੁ ਦੇਵਹਿ ਪਰਕਾਰ ॥ (ਪੰਨਾ-੫੦੪)
ਜੋ ਮਾਗਉ ਸੋਈ ਸੋਈ ਪਾਵਉ ਅਪਨੇ ਖਸਮ ਭਰੋਸਾ ॥ (ਪੰਨਾ-੬੧੯)

**We are all prodigal sons of God, and have *deprived ourselves from Divine Heritage* of JOY, BLISS and LOVE, *by our own ignorance, disbelief and faithlessness.***

**The moment we become *intuitionally conscious of our Divine Heritage*—the *flow of Divine Grace* will be *re-established* into our hearts and souls; and we will be *blessed* with the Eternal JOY, BLISS and LOVE of Divine Grace.**

ਅਸਲ ਵਿਚ ਤ੍ਰੈਗੁਣੀ 'ਮਾਇਆ' ਦੀ ਅਗਿਆਨਤਾ ਵਿਚ, **'ਜੀਵ'** ਆਪਣੇ 'ਆਪ' ਨੂੰ, ਦੁਨੀਆਂ ਦੀ ਰਚਨਾ ਨੂੰ, ਕੁਦਰਤ ਨੂੰ, 'ਰੱਬ' ਨੂੰ, ਰੱਬ ਦੇ 'ਹੁਕਮ' ਨੂੰ, ਰੱਬ ਦੇ 'ਗੁਰ ਪ੍ਰਸਾਦਿ' ਨੂੰ, ਰੱਬ ਦੇ ਪਿਆਰ ਨੂੰ, ਰੱਬ ਦੇ ਅਸਚਰਜ ਕੌਤਕਾਂ ਨੂੰ, ਰੱਬ ਦੇ 'ਜਲਵੇ' ਨੂੰ, ਰੱਬ ਦੇ 'ਸਬਦ' ਨੂੰ, ਰੱਬ ਦੇ 'ਨਾਮ' ਨੂੰ, ਪਰਮਾਰਥ ਨੂੰ, ਧਰਮ ਨੂੰ ਸਮਝਣ, ਬੁਝਣ, ਚੀਨਣ, ਪਹਿਚਾਨਣ ਤੋਂ **ਅਸਮਰਥ** ਤੇ ਕੋਰਾ ਰਹਿੰਦਾ ਹੈ। **'ਹਉਮੈ'** ਦੇ ਭਰਮ-ਭੁਲਾਵੇ ਦੇ **ਹਨੇਰ ਵਿਚ,** ਆਤਮਿਕ ਮੰਡਲ ਦੇ **ਅਨੁਭਵੀ ਇਲਾਹੀ** ਧਰਮ ਦਾ ਪ੍ਰਚਾਰ ਕਰਨਾ, ਨਿਰਮੂਲ ਅਤੇ ਲਾਭ ਹੀਣ ਹੀ ਨਹੀਂ, ਬਲਕਿ **ਹਾਨੀਕਾਰਕ ਭੀ ਹੋ ਜਾਂਦਾ ਹੈ।**

ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ ॥ (ਪੰਨਾ-੯੫੧)
ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ ॥
ਆਪਿ ਮੁਸੈ ਮਤਿ ਹੋਛੀਐ ਕਿਉ ਰਾਹੁ ਪਾਛਾਣੈ ॥ (ਪੰਨਾ-੭੬੭)
ਨਾਨਕ ਅੰਧਾ ਹੋਇ ਕੈ ਦਸੇ ਰਾਹੈ ਸਭਸੁ ਮੁਹਾਏ ਸਾਥੈ ॥ (ਪੰਨਾ-੧੪੦)

ਇਹ ਇਲਾਹੀ 'ਬਖਸ਼ਿਸ਼' ਅਤੇ 'ਜਲਵਾ' (Divine grace and glory), ਹਰ ਇਕ ਜੀਵ ਦੇ ਅੰਤਰ-ਆਤਮੇ, ਗੁਪਤ ਤੌਰ ਤੇ **'ਰਵਿ ਰਹਿਆ ਭਰਪੂਰ' ਹੈ,** ਪਰ ਅਸੀਂ ਆਪਣੇ ਮਨ ਦੀ **ਸ਼ਰਧਾ-ਭਾਵਨੀ ਦੀ 'ਪ੍ਰਨਾਲੀ' ਵਿਚ 'ਹਉਮੈ', 'ਮੈਂ-ਮੇਰੀ' ਦੀ 'ਸ਼ਰਧਾ-ਹੀਣ'**



Whenever an extremely sad soul turns around with complete and full devotional faith and falls at the feet and umbrella of his Guru, the Guru immediately runs towards his devotee for his true ever forgiving, ever merciful nature.

1 *Wherever the Lord is worshipped in adoration, there the Lord becomes one's friend and helper.*
*By Guru's Grace, the Lord comes to dwell in the mind; He cannot be obtained in any other way. 733*

2 *If I forget You, then everyone becomes my enemy. When You come to mind, then they serve me. 383*

3 *As is the thirst within their minds, so is the water which You give to them.504*

4 *Whatever I ask for, I receive; I have total faith in my Master. 619*

We are all prodigal sons of God and deprived ourselves of the Divine Heritage of JOY, BLISS & LOVE by our own ignorance, disbelief and faithlessness.

The moment we become intuitionally conscious of our Divine Heritage – the flow of Divine Grace will be reestablished into our hearts and souls and we will be blessed with the Eternal JOY, BLISS and DIVINE GRACE.

In reality man is incapable and feels empty due to his involvement with materialism. Therefore, man does not know himself, the cretive world, nature, God, God's law, God's merciful grace, God's Love, God's astounding Glory, God's glory, God's word, God's name, spiritual path, true religion nor daes he make an attempt to guess, search and recognise God. To preach religion and truth in the in the presence of the doubt ridden ego and its darkness is not only useless and unbenificial, but also extremely dangerous.

5 *The disciples whose teacher is blind, act blindly as well. 95*

6 *If a blind man is made the leader, how will he know the way? 767*
*He is impaired, and his understanding is inadequate; how will he know the way?*

7 *O Nanak, the one who is blind shows others the way, and misleads all his companions. 140*

This Divine Grace and glory of God is ever present within the soul and is invisible and eternally expressing everywhere. However due to our ego and ego-consciousness, we stem the flow of true devotional worship with the rocks of

**ਅਗਿਆਨਤਾ**, ਸਿਆਣਪਾਂ ਤੇ ਚੁਤਰਾਈਆਂ ਦੇ **'ਰੋੜਿਆਂ'** ਨਾਲ **ਅੜਿਕਾ ਪਾ ਦਿੰਦੇ ਹਾਂ।** ਜਿਸ ਦੇ ਕਾਰਨ ਅਸੀਂ ਸਾਰੀਆਂ ਇਲਾਹੀ ਬਖਸ਼ਿਸ਼ਾਂ, **'ਪ੍ਰੀਤ, ਪ੍ਰੇਮ, ਰਸ, ਚਾਉ'**, ਦੀਆਂ **ਦਾਤਾਂ ਤੇ ਬਰਕਤਾਂ ਤੋਂ ਵਾਂਝੇ ਜਾ ਰਹੇ ਹਾਂ** —

ਇਹੁ ਧਨੁ ਸਰਬ ਰਹਿਆ ਭਰਪੂਰਿ ॥
ਮਨਮੁਖ ਫਿਰਹਿ ਸਿ ਜਾਣਹਿ ਦੂਰਿ ॥ (ਪੰਨਾ-੯੯੧)

ਘਰਿ ਹੋਦੈ ਧਨਿ ਜਗੁ ਭੁਖਾ ਮੁਆ ਬਿਨੁ ਸਤਿਗੁਰ ਸੋਝੀ ਨ ਹੋਇ ॥ (ਪੰਨਾ-੧੨੪੯)

'ਫੁੱਲ', ਆਪਣੇ ਸੋਮੇ —'ਧਰਤੀ' ਤੋਂ, 'ਨਾਲ ਲਿਖੇ ਹੁਕਮ' ਅਨੁਸਾਰ, 'ਜੀਵਨ-ਰੌਂ' ਅਤੇ **ਇਲਾਹੀ ਗੁਣ** ਪ੍ਰਾਪਤ ਕਰਦਾ ਹੋਇਆ ਉਪਜਦਾ, ਵੱਧਦਾ, ਪ੍ਰਫੁਲਤ ਹੁੰਦਾਂ ਹੋਇਆ, ਜੋਬਨ ਦੀ ਮਸਤੀ ਵਿਚੋਂ, ਜੀਵਨ ਦੇ ਖੇੜੇ ਵਿਚੋਂ ਆਪਣੀ ਮਹਿਕ, ਸੁਹੱਪਣ, ਕੋਮਲਤਾ, ਜੋਬਨ, ਪਿਆਰ-ਖਿੱਚ ਦੁਆਰਾ ਆਪਣਾ **'ਆਪਾ'** ਵੰਡਦਾ, ਖਲੇਰਦਾ, ਦਾਨ ਕਰਦਾ, ਸੇਵਾ ਕਰਦਾ ਹੋਇਆ, ਆਪਣੇ ਇਲਾਹੀ ਦਾਤੇ ਦੇ **ਅਸਚਰਜ ਗੁਣਾਂ ਤੇ ਬਖਸ਼ਿਸ਼ਾਂ ਦਾ** ਵਿਕਾਸ, ਪ੍ਰਕਾਸ਼, ਪ੍ਰਗਟਾਵਾ, ਇਸ਼ਤਿਹਾਰ, **ਪ੍ਰਚਾਰ** ਕਰਦਾ ਹੋਇਆ ਸਹਿਜੇ ਹੀ, ਅਣਜਾਣੇ ਹੀ, ਅਛੋਪ ਹੀ, ਅਣਡਿਠੇ ਹੀ, ਆਪ ਮੁਹਾਰੇ ਹੀ, **ਹਉਂ-ਰਹਿਤ** ਆਤਮ ਮੰਡਲ ਦੇ **ਇਲਾਹੀ ਧਰਮ ਦਾ ਪ੍ਰਚਾਰ ਕਰ ਰਿਹਾ ਹੈ।**

ਪਰ ਅਸੀਂ, 'ਹਉਮੈ' ਦੇ ਭਰਮ-ਭੁਲਾਵੇ ਵਿਚ, ਐਨੇ **ਗਲਤਾਨ ਤੇ ਗੁਆਚੇ ਹੋਏ ਹਾਂ**, ਕਿ ਕੁਦਰਤ ਦੇ **'ਖੇਲ ਅਖਾੜੇ'** ਦੇ **ਅਸਚਰਜ ਬਿਸਮਾਦੀ 'ਕੌਤਕਾਂ'** (ecstatic wonders) ਨੂੰ ਸਮਝਣ, ਬੁਝਣ, ਚੀਨਣ, ਪਹਿਚਾਨਣ **ਤੋਂ ਅਸਮਰਥ** ਹਾਂ ਅਤੇ ਇਨ੍ਹਾਂ ਦੇ **ਦਰਸ਼ਨਾਂ ਨਾਲ** —

ਬਲਿਹਾਰੀ ਕੁਦਰਤਿ ਵਸਿਆ ॥ (ਪੰਨਾ-੪੬੯)
ਸਤਿ ਸੁਹਾਣੁ ਸਦਾ ਮਨਿ ਚਾਉ ॥ (ਪੰਨਾ-੪)
ਸਭ ਦੁਨੀਆ ਸੁਬਹਾਨੁ ਸਚਿ ਸਮਾਈਐ ॥ (ਪੰਨਾ-੧੪੨)
ਨਾਨਕ ਸਚ ਦਾਤਾਰੁ ਸਿਨਾਖਤੁ ਕੁਦਰਤੀ ॥ (ਪੰਨਾ-੧੪੧)
ਬਿਸਮੁ ਭਏ ਬਿਸਮਾਦੁ ਦੇਖਿ ਕੁਦਰਤਿ ਤੇਰੀਆ ॥ (ਪੰਨਾ-੫੨੧)
ਸੱਚੀ ਤੇਰੀ ਸਿਫਤਿ ਸਚੀ ਸਾਲਾਹ ॥
ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥ (ਪੰਨਾ-੪੬੩)

ਵਾਲੇ **ਬਿਸਮਾਦੀ ਅਹਿਲਾਦ** ਦੇ ਰਸ, ਰੰਗ, ਚਾਉ **ਮਾਨਣ ਤੋਂ ਵਾਂਝੇ** ਤੇ ਦੂਰ ਜਾ ਰਹੇ ਹਾਂ। ਐਨ ਏਸੇ ਤਰ੍ਹਾਂ, ਆਤਮਿਕ ਜੀਵਨ ਵਾਲੇ, ਅੰਤਰ ਆਤਮੇ ਜੁੜੇ ਹੋਏ; ਇਨਸਾਨੀ ਸਰੂਪ ਵਿਚ — ਇਲਾਹੀ 'ਫੁੱਲ', ਗੁਰਮੁਖ ਪਿਆਰੇ, 'ਤਤ ਜੋਗ ਕਉ ਬੇਤੇ', 'ਹਰਿ ਜਨ', ਭਗਤ, ਸਾਧੂ, ਸੰਤ,



ignorance, cleverness and mental adroitness. That is why we are bereft of the divine gifts and virtues of true affection, true love, spiritual taste and joy.

1 This wealth is all-pervading, permeating all.
The self-willed manmukh wanders around, thinking that it is far away 991

2 The wealth is within the house, while the world is dying of hunger. Without the True Guru, no one has a clue. 1249

The flower by following God's inlaid divine law and life-current and receiving divine virtues sprouts, grows and expands and gives out its fragrance, beauty, delicateness, youth and through the full of love shares its existence , spreads its joy, donates itself and serves the Divine Giver. The flower preaches the spiritual message of its creator gently, unknowingly, stealthily and selflessly.

However we have become so deeply entangled and lost in our doubt ridden ego that we have become so incapable to understand, guess, examine and recognise the wonderful ecstatic wonders of nature and its amazing garden. We have become incapable of enjoying the tastefulness, colourfulness and joy of nature and are going further away.

*3 I am a sacrifice to Your almighty creative power which is pervading everywhere. 469*

4 He is Beautiful, True and Eternally Joyful. 4

*5 In all the world, the most blessed and sanctified are those who remain absorbed in Truth. 142*

*6 O Nanak, the True One is the Giver of all; He is revealed through His All-powerful Creative Nature. 141*

*7 I am wonderstruck beholding the wonder of Your Almighty Creative Power. 521*

*8 True is Your Praise, True is Your Adoration.*
*True is Your almighty creative power, True King. 463*

Similarly those spiritual travellers attached to the inner spiritual life are divine flowers, loving Gurmukhs, children of divine union, God's people, Bhagats, sadhus,

ਪਰਉਪਕਾਰੀ, ਬ੍ਰਹਮ ਗਿਆਨੀ, ਮਹਾਂ ਪੁਰਖ, ਖਾਲਸੇ ਸੰਸਾਰ ਉਤੇ **ਅਲਿਪਤ ਆਤਮਿਕ ਜੀਵਨ** ਬਤੀਤ ਕਰਦੇ ਹੋਏ, "**ਪਰਉਪਕਾਰ ਉਮਾਹਾ**" ਦੀ **ਪ੍ਰੇਰਨਾ** ਤੇ 'ਹੁਕਮ' ਅੰਦਰ, **ਇਲਾਹੀ ਗੁਣਾਂ** ਦਾ **ਪ੍ਰਕਾਸ਼ ਤੇ ਪ੍ਰਚਾਰ** ਸਹਿਜੇ ਹੀ, ਆਪ ਮੁਹਾਰੇ, ਅਣਜਾਣੇ ਹੀ, ਅਭੋਲ ਹੀ, ਅਛੋਪ ਹੀ, ਅਣਡਿੱਠੇ ਹੀ, ਚੁਪ-ਚੁਪੀਤੇ, **ਹਉਂ ਰਹਿਤ ਕਰ ਰਹੇ ਹਨ !**

ਇਨ੍ਹਾਂ ਨੂੰ **'ਹਉਂ ਧਾਰੀ'** ਲੋਕਾਂ ਵਾਂਗ, ਪਰਉਪਕਾਰ ਜਾਂ ਪ੍ਰਚਾਰ ਕਰਨ ਦਾ **ਬੁਖਾਰ** ਨਹੀਂ ਚੜ੍ਹਿਆ ਹੁੰਦਾ ।

ਇਹ ਪੂਰਨ ਆਤਮਿਕ **ਅਨੁਭਵੀ ਸੋਝੀ ਵਿਚ**, ਇਲਾਹੀ **'ਹੁਕਮੁ' ਦੀ ਕਾਰ ਕਰਦੇ ਹਨ ।**

ਏਹੋ ਜਿਹੇ ਉਚੇ-ਸੁੱਚੇ **'ਜੀਵਨ ਵਾਲੇ', 'ਤਤ ਜੋਗ ਕੇ ਬੇਤੇ'**, ਗੁਰਮੁਖ ਪਿਆਰਿਆਂ, ਗੁਰਸਿਖਾਂ, ਪ੍ਰਤੀ ਹੀ, ਗੁਰਬਾਣੀ ਵਿਚ ਇਉਂ ਸ਼ਲਾਘਾ ਕੀਤੀ ਗਈ ਹੈ —

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ (ਪੰਨਾ-੩੦੬)

ਜਿਨ ਡਿਠਿਆ ਮਨੁ ਰਹਸੀਐ
ਕਿਉ ਪਾਈਐ ਤਿਨ੍ ਸੰਗੁ ਜੀਉ ॥ (ਪੰਨਾ-੭੬੦)

ਨਾਨਕ ਦਾਸੁ ਇਹੈ ਸੁਖੁ ਮਾਗੈ
ਮੋ ਕਉ ਕਰਿ ਸੰਤਨ ਕੀ ਧੂਰੇ ॥ (ਪੰਨਾ-੧੩)

ਸਾਡੀ ਵਿਦਿਅਕ ਪ੍ਰਣਾਲੀ ਵਿਚ **ਯੋਗਤਾ ਅਨੁਸਾਰ** ਹੀ ਅਧਿਆਪਕ ਪੜ੍ਹਾਈ ਕਰਾ ਸਕਦੇ ਹਨ । ਹੇਠਲੀਆਂ ਸ਼੍ਰੇਣੀਆਂ ਨੂੰ ਤਾਂ ਗਰੈਜੂਏਟ ਟੀਚਰ ਪੜ੍ਹਾ ਸਕਦੇ ਹਨ, ਪਰ ਕਾਲਜ ਦੀਆਂ ਉਚੀਆਂ ਕਲਾਸਾਂ ਨੂੰ ਸਿਰਫ 'ਪੀ.ਐਚ.ਡੀ.' ਦੀ ਡਿਗਰੀ ਵਾਲੇ ਪ੍ਰੋਫੈਸਰ ਹੀ ਪੜ੍ਹਾ ਸਕਦੇ ਸਨ । 'ਪੀ-ਐਚ.ਡੀ.' ਦੀ ਡਿਗਰੀ ਹਾਸਲ ਕਰਨ ਲਈ ਕਿਸੇ ਖਾਸ ਮਜ਼ਮੂਨ (subject) ਦੀ **ਅੰਤ੍ਰੀਵ ਡੂੰਘੀ ਖੋਜ** (research) ਕਰਨੀ ਪੈਂਦੀ ਹੈ ।

ਗਰੈਜੂਏਟ ਟੀਚਰ ਲਈ, ਕਾਲਜ ਦੇ ਵਿਦਿਆਰਥੀਆਂ ਨੂੰ ਪੜ੍ਹਾਉਣਾ ਨਾ ਵਾਜਿਬ, ਲਾਭ ਹੀਣ ਤੇ ਹਾਸੋ-ਹੀਣੀ ਗਲ ਹੈ । 'ਪੀ-ਐਚ.ਡੀ.' ਡਿਗਰੀ ਵਾਲੇ ਪ੍ਰੋਫੈਸਰਾਂ ਲਈ, ਸਕੂਲਾਂ ਵਿਚ ਪੜ੍ਹਾਉਣਾ, ਵਕਤ ਤੇ ਸ਼ਕਤੀ **ਜ਼ਾਇਆ** ਕਰਨੀ ਹੈ (wastage of time and energy) ।

ਉਪਰਲੇ ਉਦਾਹਰਣਾਂ ਤੋਂ ਹੇਠ ਲਿਖੇ **ਨੁਕਤੇ ਉਭਰ ਕੇ ਸਪਸ਼ਟ ਹੁੰਦੇ ਹਨ** –

1. ਅਧਿਆਪਕ ਬਣਨ ਲਈ ਖੁਦ **ਯੋਗਤਾ** ਹਾਸਲ ਕਰਨੀ ਪੈਂਦੀ ਹੈ ।
2. ਉਚੀਆਂ ਕਲਾਸਾਂ ਨੂੰ ਪੜ੍ਹਾਉਣ ਲਈ **ਖੋਜ** (research) ਕਰਨੀ ਪੈਂਦੀ ਹੈ ।
3. **ਬਗੈਰ ਯੋਗਤਾ**, ਪੜ੍ਹਾਉਣਾ ਜਾਂ **ਪ੍ਰਚਾਰ ਕਰਨਾ,** ਨਾਵਾਜਬ, **ਲਾਭ ਹੀਣ**



saints forever helping others, God conscious lofty souls, leading pure lives and under the call of divine law of helping others. The light and propagation of divine virtues is occurring naturally, selflessly, unknowingly, innocently, surreptitiously, stealthily and silently in the absence of any ego through them.

Such people do not have the feverish ego possessed by the egoistic preachers.

Their work is through divine law and pure spiritual knowledge.

Gurbani has praised such high and pure souls, the children of spiritual union loving Gurmukhs as follows:-

1 *Servant Nanak begs for the dust of the feet of that GurSikh, who himself chants the Naam, and inspires others to chant it.* *306*

2 *Gazing upon them, my mind is enraptured. How can I join them and be with them?* *760*

3 *Nanak, Your slave, begs for this happiness: let me be the dust of the feet of the Saints.* *13*

Only teachers with relevant qualification can teach the relevant subjects in our colleges and universities. For the lower standards only the graduates can teach and for higher qualification you require Ph D professors. To possess a Ph D degree you are required to do deep research on a particular subject.

For graduates to teach subjects at their level is not proper and beneficial and will be a laughing matter. Similarly for Ph D professors to teach in schools is not proper and a waste of time and energy.

From the above example the following points have become clear:-

1. To become a teacher you need to possess the proper qualifications.

2. To teach higher classes you need to do the necessary research.

3. To teach or preach without proper qualification is neither proper nor a beneficial

ਕਰਤਵ ਹੈ ।

4. 'ਫੁੱਲ' ਖੁਦ ਖੁਸ਼ਬੂ ਨਾਲ ਭਰਪੂਰ ਹੋ ਕੇ ਹੀ ਖੁਸ਼ਬੂ ਵੰਡ ਸਕਦਾ ਹੈ ।

5. ਬਾਹਰਮੁਖੀ ਦਿਮਾਗੀ ਗਿਆਨ 'ਹੋਰ' ਹੈ ਅਤੇ ਅੰਤਰ ਮੁਖੀ ਅਨੁਭਵੀ ਗਿਆਨ, ਬਿਲਕੁਲ 'ਹੋਰ' ਹੈ ।

ਗੋਵਿੰਦ ਭਜਨ ਕੀ ਮਤਿ ਹੈ ਹੋਰਾ ॥
ਵਰਮੀ ਮਾਰੀ ਸਾਪੁ ਨ ਮਰਈ ਨਾਮੁ ਨ ਸੁਨਈ ਡੋਰਾ ॥ (ਪੰਨਾ-੩੮੧)

6. 'ਆਪਿ ਜਪੈ ਅਵਰਹ ਨਾਮੁ ਜਪਾਵੈ" ਦੇ ਇਲਾਹੀ 'ਉਪਦੇਸ਼' ਵਿਚੋਂ ਅਸੀਂ ਪਹਿਲੀ ਸਿਖਿਆ 'ਆਪਿ ਜਪੈ' ਨੂੰ—

ਸਮਝਿਆ ਹੀ ਨਹੀਂ

ਬੂਝਿਆ ਹੀ ਨਹੀਂ

ਕਮਾਇਆ ਹੀ ਨਹੀਂ

7. ਇਸ ਲਈ ਦੂਜੀ ਸਿਖਿਆ, 'ਅਵਰਹ ਨਾਮੁ ਜਪਾਵੈ' ਦੀ ਕਮਾਈ ਨਹੀਂ ਕੀਤੀ ਜਾ ਸਕਦੀ ।

ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ ॥
ਰਾਮ ਨਾਮ ਜਪੁ ਹਿਰਦੈ ਜਾਪੈ ਮੁਖ ਤੇ ਸਗਲ ਸੁਨਾਵੈ ॥ (ਪੰਨਾ-੩੮੧)

ਅਸੀਂ ਕੁਝ ਧਾਰਮਿਕ ਕਿਤਾਬਾਂ ਪੜ੍ਹ ਸੁਣ ਕੇ, ਓਪਰਾ ਜਿਹਾ ਦਿਮਾਗੀ ਗਿਆਨ ਸਿਖ ਕੇ, ਇਲਾਹੀ ਅਨੁਭਵੀ ਮੰਡਲ ਤੋਂ ਆਈ ਗੁਰਬਾਣੀ ਦਾ ਪ੍ਰਚਾਰ ਕਰਦੇ ਹਾਂ । ਇਸ ਦਿਮਾਗੀ ਧਾਰਮਿਕ ਪ੍ਰਚਾਰ ਦਾ ਅਸਰ, ਮਾਇਕੀ ਮੰਡਲ ਦੇ ਜਗਿਆਸੂਆਂ ਦੀ ਬੁੱਧੀ ਤਾਈਂ ਸੀਮਤ ਹੁੰਦਾ ਹੈ ਅਤੇ ਤ੍ਰੈਗੁਣੀ ਮਾਇਆ ਦੇ ਭਰਮ ਭੁਲਾਵੇ ਦੇ ਹਨੇਰ ਵਿਚੋਂ ਕੱਢਣ ਤੋਂ 'ਅਸਮਰਥ' ਹੈ । ਇਹ ਦਿਮਾਗੀ ਗਿਆਨ, ਸਾਨੂੰ ਆਤਮਿਕ ਮੰਡਲ ਦੀ ਪ੍ਰਕਾਸ਼ ਰੂਪੀ 'ਝਲਕ' ਨਹੀਂ ਦਿਖਾ ਸਕਦਾ । ਇਸ ਲਈ, ਨਿਰੋਲ ਮਾਨਸਿਕ ਦਿਮਾਗੀ ਗਿਆਨ, ਆਤਮਿਕ ਮੰਜ਼ਲ ਦੇ ਉਤਮ ਜਗਿਆਸੂਆਂ ਲਈ ਕਾਫ਼ੀ ਨਹੀਂ ਹੈ ।

ਗੁਰਬਾਣੀ ਵਿਚ, ਆਤਮਿਕ ਮੰਡਲ ਦਾ ਨਿਰਮਲ ਇਲਾਹੀ 'ਤੱਤ ਗਿਆਨ', 'ਆਤਮ ਪ੍ਰਕਾਸ਼', 'ਨਾਮ ਰੰਗ ਭਰਪੂਰ' ਹੈ । ਇਸ ਨੂੰ ਸਿਰਫ਼ ਅੰਤਰ-ਆਤਮੇ, ਆਤਮਿਕ ਮੰਡਲ ਦੀ ਅਨੁਭਵੀ 'ਖੋਜ' ਨਾਲ ਹੀ ਬੁਝਿਆ, ਸੀਝਿਆ, ਪਹਿਚਾਣਿਆ, ਚੀਨਿਆ ਜਾ ਸਕਦਾ ਹੈ । ਇਹ ਆਤਮਿਕ ਤੱਤ-ਗਿਆਨ, ਦਿਮਾਗੀ ਸਮਝ ਅਥਵਾ ਬੁੱਧੀ ਦੀ ਪਕੜ ਤੋਂ ਬਾਹਰ ਹੈ । ਇਸ ਲਈ ਇਲਾਹੀ ਮੰਡਲ ਦੀ 'ਅਨੁਭਵੀ ਸੋਝੀ', ਬਾਹਰ ਮੁੱਖੀ ਦਿਮਾਗੀ ਗਿਆਨ ਨਾਲ, ਹੋ ਹੀ ਨਹੀਂ ਸਕਦੀ ।



activity

4. Only the flower that is full of fragrance can share and distribute its fragrance.

5. External material knowledge is entirely different from internal spiritual knowledge.

1 *The way to vibrate and meditate on the Lord of the Universe is different.*
*Destroying the snake-hole, the snake is not killed; the deaf person does not hear the Lord's Name.* *381*

6. The fundamental advice 'Chant yourself' in the divine counsel 'Chant yourself and make others chant' is something that we

have never understood.

have never comprehended.

have never cultivated.

7. That is why we have not been able to cultivate (to practice) the second advice of 'make others chant (the Name).

2 *First, he instructs his own mind, and then, he leads others.*
*He chants the Lord's Name and meditates on it in his heart; with his mouth, he announces it to all.* *381*

We have tried to propagate Gurbani which has come from the spiritual divine realm by have only a superficial knowledge of Gurbani that was obtained by reading a few books on religion. The effect of spreading such superficial knowledge is limited to the intellectual materialistic and doubt ridden world and does not have the capacity of taking you out of the dark world of this three faceted world (trigun maya). This superficial knowledge cannot show the light of the higher spiritual realms. This spiritual knowledge is not enough for those seekers of the spiritual world.

Gurbani is filled with true spiritual 'essence knowledge', divine illumination and love of Naam. This can only be understood, unraveled, recognised and internalised innately through the intuitional 'research' of the spiritual realm.This spiritaul essence –knowledge is beyond the grasp of intellectual understanding or the intellect. That is why 'intuitional awareness' of the spiritual realm cannot take place with externally orientated intellectual knowledge.

ਗੁਰਬਾਣੀ ਵਿਚ ਇਨ੍ਹਾਂ ਭੁਲੇਖਿਆਂ ਨੂੰ ਇਉਂ ਬਿਆਨ ਕੀਤਾ ਹੈ—

ਅਵਰ ਉਪਦੇਸੈ ਆਪਿ ਨ ਕਰੈ ॥
ਆਵਤ ਜਾਵਤ ਜਨਮੈ ਮਰੈ ॥ (ਪੰਨਾ-੨੬੯)

**ਉਪਦੇਸੁ ਕਰੈ ਆਪਿ ਨ ਕਮਾਵੈ ਤਤੁ ਸਬਦੁ ਨ ਪਛਾਨੈ ॥** (ਪੰਨਾ-੩੮੦)

ਪੜਿ ਪੰਡਿਤੁ ਅਵਰਾ ਸਮਝਾਏ ॥
ਘਰ ਜਲਤੇ ਕੀ ਖਬਰਿ ਨ ਪਾਏ ॥ (ਪੰਨਾ-੧੦੪੬)

ਪੰਡਿਤੁ ਪੜਿ ਪੜਿ ਉਚਾ ਕੂਕਦਾ ਮਾਇਆ ਮੋਹਿ ਪਿਆਰੁ ॥
ਅੰਤਰਿ ਬ੍ਰਹਮੁ ਨ ਚੀਨਈ ਮਨਿ ਮੂਰਖੁ ਗਾਵਾਰੁ ॥ (ਪੰਨਾ-੮੬)

ਜਿਸ ਤਰ੍ਹਾਂ —

1. ਟੁੱਟੀ ਹੋਈ 'ਭੋਡੀ' ਵਿਚੋਂ, ਖੁਸ਼ਬੋ ਆਦਿ ਫੁੱਲ ਦੇ ਅਨੇਕ ਗੁਣ, **ਪੂਰੀ ਤਰ੍ਹਾਂ** ਨਹੀਂ ਮਿਲ ਸਕਦੇ ।
2. **ਖੋਜ ਕਰ ਕੇ,** ਪੀ. ਐਚ. ਡੀ. ਦੀ ਡਿਗਰੀ **ਪਰਾਪਤ ਕੀਤੇ ਬਗੈਰ,** ਪ੍ਰੋਫੈਸਰ (professor) ਆਪਣੇ ਮਜ਼ਮੂਨ ਦੀ **ਸਹੀ ਤੌਰ ਤੇ ਪੜ੍ਹਾਈ ਨਹੀਂ ਕਰਾ ਸਕਦਾ ।**
3. **'ਕੱਚੀ ਸਰਸੋਂ ਨੂੰ ਪੀੜ ਕੇ, ਨਾ 'ਖਲ' ਬਣਦੀ ਹੈ ਤੇ ਨਾ ਤੇਲ ।'**
4. **ਵਿਉਂਤ ਅਨੁਸਾਰ** ਦੁਧ ਨਾ ਜਮਾਇਆ ਜਾਵੇ ਤਾਂ ਉਸ ਵਿਚੋਂ **ਨਾ ਮੱਖਣ ਨਿਕਲਦਾ ਹੈ** ਅਤੇ **ਨਾ ਲੱਸੀ ਬਣਦੀ ਹੈ ।**

ਇਸੇ ਤਰ੍ਹਾਂ ਗੁਰਬਾਣੀ ਨੂੰ **ਅੰਤਰ-ਆਤਮੇ** ਬੁਝੇ, ਸੀਝੇ ਅਤੇ **ਅਨੁਭਵ ਕੀਤੇ ਬਗੈਰ, ਗੁਰਬਾਣੀ ਦੇ ਅੰਤ੍ਰੀਵ ਭਾਵਾਂ ਦੇ ਗੁੱਝੇ ਭੇਦਾਂ** ਦਾ, ਦਿਮਾਗੀ, ਪ੍ਰਚਾਰ ਕਰਨ ਦਾ ਕੋਈ ਖ਼ਾਸ ਲਾਭਦਾਇਕ ਅਸਰ ਨਹੀਂ ਹੋ ਸਕਦਾ । ਏਸੇ ਕਾਰਣ ਇਤਨਾ ਜ਼ਿਆਦਾ **ਦਿਮਾਗੀ ਧਰਮ ਪ੍ਰਚਾਰ** ਹੋਣ ਦੇ **ਬਾਵਜੂਦ** ਅਸੀਂ ਗੁਰਬਾਣੀ ਦੇ –ਡੂੰਘੇ ਅਰਥ, ਅੰਤ੍ਰੀਵ ਭਾਵਨਾਂ, ਅਨੁਭਵੀ ਗਿਆਨ, ਗੁੱਝੇ ਭੇਦ, ਆਤਮ-ਪ੍ਰਕਾਸ਼, ਆਤਮ ਰੁਣ-ਝੁਣ, ਮਹਾਂ ਰਸ, ਚਾਉ, ਸੁਖ, ਖੇੜਾ, ਨਾਮ **ਤੋਂ ਵਾਂਝੇ ਜਾ ਰਹੇ ਹਾਂ ।**

ਇਸੇ ਕਾਰਣ ਸਾਡੇ ਮਾਨਸਿਕ ਤੇ ਧਾਰਮਿਕ **ਜੀਵਨ ਵਿਚ** ਕੋਈ **ਖ਼ਾਸ ਤਬਦੀਲੀ ਨਹੀਂ ਆ ਰਹੀ ।** ਬਾਹਰਮੁੱਖੀ ਧਾਰਮਿਕ ਕਰਮ-ਕਿਰਿਆ **ਕਰਦੇ ਹੋਏ ਭੀ,** ਰੁੱਖਾ, ਸੁੱਖਾ, ਫੋਕਾ, **ਢਹਿੰਦੀਆਂ ਕਲਾਂ ਵਾਲਾ ਜੀਵਨ ਬਤੀਤ ਕਰ ਰਹੇ ਹਾਂ । ਜੀਵਨ ਖੇਤਰ ਦੇ ਹਰ ਪੱਖ ਵਿਚ, 'ਪੰਜ-ਜਨਾਂ' ਦੇ ਟਾਕਰੇ ਵਿਚ, 'ਹਾਰ ਖਾ ਕੇ', ਚਿਤ ਹੋ ਜਾਂਦੇ ਹਾਂ ਅਤੇ ਅਤਿਅੰਤ ਨਿਰਾਸਤਾ** (frustration) ਵਿਚ ਰੱਬ ਤੋਂ **ਅਸ਼ੂਧਕ ਤੇ ਬੇਮੁੱਖ ਹੋ ਜਾਂਦੇ ਹਾਂ ।**

ਜਿਸ ਤਰ੍ਹਾਂ 'ਪੀ. ਐਚ. ਡੀ.' ਦੀ ਡਿਗਰੀ ਲਈ, ਕਿਸੇ ਮਜ਼ਮੂਨ ਦੀ ਡੂੰਘੀ ਖੋਜ ਕਰਨੀ



Gurbani addresses these doubts in the following way:-

1 *One who does not practice what he preaches to others,*
*shall come and go in reincarnation, through birth and death.* 269

2 *He teaches, but does not practice what he preaches; he does not realize the essential reality of the Word of the Shabad.* 380

3 *The Pandit, the religious scholar, reads and instructs others,*
*but he does not realize that his own home is on fire.* 1046

4 *The Pandits, the religious scholars, read and read, and shout out loud, but they are attached to the love of Maya.* 86
*They do not recognize God within themselves-they are so foolish and ignorant!*

Just like:-

1. It is not possible to experience the full fragrance etc. numerous other irtues of a flower from a broken a broken twig (of that flower).
2. Without research and a Ph D degree a professor cannot advance in his field of study.
3. By milling the unripened 'sarson seed' neither the 'husk' nor the oil is obtained.
4. Neither butter nor yogurt (or lassi) can be obtained from milk without the proper know-how.

In the same way the effect of the innate, hidden secrets of Gurbani will have no special benefit if preaching (or doing parchar) is done intellectually (that is) without innately unravelling, discovering and awakening the awareness of the Self within. It is for this reason that despite the extensive propagation of the religion, we are bereft of the deep meanings, inner experiences, intuitional knowledge, hidden secrets, divine illumination, divine melody, supreme bliss, joy, peace, exuberance (high spirits) and Naam.

This is the reason why no change takes place in our rational (thinking) or religious life. In spite of indulging in external religious ritualistic practices, we are living a life that is insipid, intoxicated (in worldliness), hollow and filled with apathy (low spirits). In every aspect of life's arena we become disillusioned after taking a beating from the 'five passions' (kaam, krodh, lobh, moh and pride) and in frustration we lose faith in God and turn away (from Him).

Just as deep research on some subject is necessary for a Ph D degree,

ਪੈਂਦੀ ਹੈ, ਉਸੇ ਤਰ੍ਹਾਂ, ਆਤਮਿਕ ਜਗਿਆਸੂਆਂ ਨੂੰ ਗੁਰਮੁਖ ਪ੍ਰਚਾਰਕ ਬਣਨ ਲਈ, ਸਾਧ-ਸੰਗਤ ਵਿਚ ਸਬਦ-ਸੁਰਤ ਦੁਆਰਾ, ਅਟੁਟ ਸਿਮਰਨ-ਅਭਿਆਸ ਕਰਕੇ, ਆਪਣੇ ਅੰਦਰਲੇ 'ਆਤਮਿਕ-ਖੂਹਟੇ' ਦੀਆਂ ਡੂੰਘਿਆਈਆਂ ਵਿਚ, ਗੁਰਬਾਣੀ ਦੇ ਅੰਤ੍ਰੀਵ ਭਾਵ ਯਾ ਤੱਤ ਨੂੰ — ਖੋਜਣ, ਬੁਝਣ, ਚੀਨਣ, ਸੀਝਣ, **ਅਨੁਭਵ ਕਰਨ ਦੀ ਲੋੜ ਹੈ।**

ਗੁਰਮਤਿ ਖੋਜਿ ਲਹਹੁ ਘਰੁ ਅਪਨਾ ਬਹੁੜਿ ਨ ਗਰਭ ਮਝਾਰਾ ਹੇ ॥ (ਪੰਨਾ-੧੦੩੦)

ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥ (ਪੰਨਾ-੬੮੪)

ਸਭ ਕਿਛੁ ਘਰ ਮਹਿ ਬਾਹਿਰ ਨਾਹੀ ॥
ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥ (ਪੰਨਾ-੧੦੨)

ਮਨ ਮੇਰਿਆ ਅੰਤਰਿ ਤੇਰੈ ਨਿਧਾਨੁ ਹੈ ਬਾਹਰਿ ਵਸਤੁ ਨ ਭਾਲਿ ॥ (ਪੰਨਾ-੫੬੯)

ਜਦ ਉਤਮ ਜਗਿਆਸੂ ਦੀ, **'ਅੰਤਰ ਆਤਮੇ ਖੋਜ'**, 'ਸਾਧ ਸੰਗਤ' ਤੇ ਗੁਰੂ ਦੀ ਕ੍ਰਿਪਾ ਨਾਲ, ਸੰਪੂਰਨ ਹੁੰਦੀ ਹੈ ਤਾਂ —

ਬਾਹਰਿ ਢੂਢਨ ਤੇ ਛੂਟਿ ਪਰੇ ਗੁਰਿ ਘਰ ਹੀ ਮਾਹਿ ਦਿਖਾਇਆ ਥਾ ॥ (ਪੰਨਾ-੧੦੦੨)

ਆਨਦ ਮੂਲੁ ਰਾਮੁ ਸਭੁ ਦੇਖਿਆ ਗੁਰ ਸਬਦੀ ਗੋਵਿਦੁ ਗਜਿਆ ॥ (ਪੰਨਾ-੧੩੧੫)

ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ ॥ (ਪੰਨਾ-੩੯੭)

ਵਾਲੀ ਅਵਸਥਾ ਪ੍ਰਾਪਤ ਹੁੰਦੀ ਹੈ।

ਇਹ ਉਚੀ-ਸੁਚੀ ਆਤਮਿਕ ਅਵਸਥਾ ਵਾਲੇ, ਗੁਰਮੁਖ ਪਿਆਰੇ, ਕਿਸੇ **ਵਿਸਮਾਦੀ ਅਹਿਲਾਦ ਦੀ ਮਸਤੀ ਵਿਚ**, ਕਹਿ ਉਠਦੇ ਹਨ—

ਸੁਨਹੁ ਲੋਕਾ ਮੈ ਪ੍ਰੇਮ ਰਸੁ ਪਾਇਆ ॥ (ਪੰਨਾ-੩੭੦)

ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ ਸਬਦੁ ਅਨਾਹਦ ਗਹਿਆ ॥ (ਪੰਨਾ-੩੬੦)

ਪ੍ਰੇਮ ਰਸਾ ਨਿਧਿ ਜਾ ਕਉ ਉਪਜੀ ਛੋਡਿ ਨ ਕਤਹੂ ਜਾਤਾ ॥ (ਪੰਨਾ-੫੩੨)

ਖੂਬੁ ਖੂਬੁ ਖੂਬੁ ਖੂਬੁ ਖੂਬੁ ਤੇਰੋ ਨਾਮੁ ॥
ਝੂਠੁ ਝੂਠੁ ਝੂਠੁ ਝੂਠੁ ਦੁਨੀ ਗੁਮਾਨੁ ॥ (ਪੰਨਾ-੧੧੩੭)

ਦੇਖਿਆ ਤਿਹੂੰ ਲੋਕ ਕਾ ਪੀਉ ॥
ਅਚਰਜੁ ਭਇਆ ਜੀਵ ਤੇ ਸੀਉ ॥ (ਪੰਨਾ-੩੪੪)

ਇਸ ਇਲਾਹੀ ਮੰਜ਼ਿਲ ਤੇ ਪਹੁੰਚ ਕੇ, ਬਖਸ਼ੇ ਹੋਏ ਗੁਰਮੁਖ ਪਿਆਰੇ, ਤ੍ਰੈਗੁਣੀ ਮਾਇਕੀ ਮੰਡਲ ਦੇ **ਭਰਮ ਦੇ ਹਨੇਰ ਵਿਚੋਂ**, **ਉਤਾਹਾਂ ਉਠ ਕੇ,** ਆਤਮਿਕ ਮੰਡਲ ਦੇ **ਨਿਰਮਲ ਪ੍ਰਕਾਸ਼** ਵਿਚ, **ਉਡਾਰੀਆਂ ਲਾਉਂਦੇ** ਹਨ, ਅਤੇ **ਇਲਾਹੀ 'ਹੁਕਮੁ' ਪ੍ਰਾਇਣ** ਹੋ ਕੇ



similarly, for spiritual seekers to become the Guru's preachers, it is necessary to research, unravel, discover, internalise, develop the awareness of the innate meaning and the essence-knowledge of Gurbani in the company of the 'sadh-sangat' (evolved beings) to go into the deep recesses of our soul through shabad-surat (word-awarness) and continuous practice of simran.

1 *Follow the Guru's Teachings - seek and find the home of your own self, and you shall never be consigned to the womb of reincarnation again.* 1030

2 *O servant Nanak, without knowing one's own self, the moss of doubt is not removed.* 684

3 *Everything is within the home of the self; there is nothing beyond.*
*One who searches outside is deluded by doubt.* 102

4 *O my mind, the treasure is within you; do not search for it on the outside.* 569

When, with the blessings of the company of evolved beings and the Guru, the search of the spiritual seeker is completed, then the lofty seeker attains the following stage:-

5 *I have quit searching outside; the Guru has shown me that God is within the home of my own heart.* 1002

6 *I see the Lord, the Source of Bliss, everywhere; through the Word of the Guru's Shabad, the Lord of the Universe is revealed.* 1315

7 *The Supreme King of Nanak is immanent and manifest.* 397

The gurmukh beloveds, when they reach this lofty-pure stage, in the intoxication of some wondrous, blissful state, they cry out:-

8 *Listen, O people: I have tasted the elixir of love.* 370

9 *Night and day, remaining attached to the Love of the Lord, the celestial music of the Shabad resounds.* 360

10 *One who obtains the treasure of the Nectar of Your Love, does not renounce it to go somewhere else.* 532

11 *Excellent, excellent, excellent, excellent, excellent is Your Name.*
*False, false, false, false is pride in the world.* 1137

12 *Then, one beholds the Father of the three worlds.*
*This is wonderful! The human being has become God!* 344

The bless gurmukh beloveds, when they reach this spiritual destination, they rise above the darkness of this materialistic world of three facets and soar in the divine light of the spiritual realm and merging with the divine hukam or command

**ਪਰਉਪਕਾਰੀ ਜੀਵਨ ਬਤੀਤ ਕਰਦੇ ਹੋਏ, 'ਹੁਕਮੁ' ਦੀ ਕਾਰ ਕਮਾਉਂਦੇ ਹਨ—**

ਜਿਉ ਤੂ ਚਲਾਇਹਿ ਤਿਵ ਚਲਹ ਸੁਆਮੀ
ਹੋਰੁ ਕਿਆ ਜਾਣਾ ਗੁਣ ਤੇਰੇ ॥ (ਪੰਨਾ-੯੧੯)

ਜੋ ਤੂੰ ਕਰਾਵਹਿ ਸੋ ਕਰੀ ਪਿਆਰੇ ਅਵਰੁ ਕਿਛੁ ਕਰਣੁ ਨ ਜਾਇ ॥ (ਪੰਨਾ-੪੩੨)

ਜਿਉ ਬੋਲਾਵਹਿ ਤਿਉ ਬੋਲਹ ਸੁਆਮੀ...॥ (ਪੰਨਾ-੫੦੮)

ਜਹ ਬੈਸਾਲਹਿ ਤਹ ਬੈਸਾ ਸੁਆਮੀ
ਜਹ ਭੇਜਹਿ ਤਹ ਜਾਵਾ ॥ (ਪੰਨਾ-੯੯੩)

ਪ੍ਰਭ ਡੋਰੀ ਹਾਥਿ ਤੁਮਾਰੇ ॥ (ਪੰਨਾ-੬੨੬)

ਇਸ ਆਤਮਿਕ ਅਵਸਥਾ ਵਿਚ **'ਹਰਿ ਜਨ'** ਦਾ **'ਆਪਾ ਮਿਟ ਜਾਂਦਾ' ਹੈ** ਤੇ ਉਹ 'ਨਾਨਕ-ਘਰ' ਦਾ **ਬੈ ਖਰੀਦ 'ਗੋਲਾ'** ਅਥਵਾ **'ਹੁਕਮੀ ਬੰਦਾ'** ਬਣ ਕੇ **'ਹੁਕਮੀ ਕਾਰ' ਕਰਦਾ** ਹੈ। ਉਸ ਅੰਦਰ **'ਹਉਮੈਂ' ਦੀ ਲੇਸ ਮਾਤਰ ਭੀ ਨਹੀਂ ਹੁੰਦੀ।**

ਪਿਛਲਿਆਂ ਲੇਖਾਂ ਵਿਚ ਦਸਿਆ ਜਾ ਚੁੱਕਾ ਹੈ, ਕਿ ਸ੍ਰਿਸ਼ਟੀ ਦੇ ਦੋ ਅੱਡ ਅੱਡ ਮੰਡਲ ਹਨ—

1. ਤ੍ਰੈਗੁਣੀ ਮਾਇਕੀ ਮੰਡਲ।
2. ਅਨੁਭਵੀ ਆਤਮਿਕ ਮੰਡਲ।

ਤ੍ਰੈਗੁਣੀ ਮਾਇਕੀ-ਮੰਡਲ ਵਿਚ ਭਿੰਨ ਭਿੰਨ **'ਧਰਮ'** ਪ੍ਰਚਲਤ ਹਨ, ਇਨ੍ਹਾਂ ਧਰਮਾਂ ਦੇ ਪ੍ਰਚਾਰ ਦੇ ਵੱਖਰੇ ਵੱਖਰੇ ਤਰੀਕੇ ਹਨ, ਜੋ ਕਿ ਇਕ **ਦੂਜੇ** ਦੇ ਸਹਾਇਕ ਭੀ ਹਨ ਅਤੇ **ਵਿਰੋਧੀ** ਭੀ ਹੋ ਸਕਦੇ ਹਨ।

ਤ੍ਰੈਗੁਣੀ ਮਾਇਕੀ ਮੰਡਲ ਦੇ ਧਰਮ ਪ੍ਰਚਾਰ ਦਾ **ਅਸਰ** ਸਰੋਤਿਆਂ ਦੀ **ਬੁੱਧੀ ਮੰਡਲ ਦੇ ਦਾਇਰੇ ਤਾਈਂ ਸੀਮਤ ਹੁੰਦਾ ਹੈ।** ਇਹ ਤ੍ਰੈਗੁਣੀ ਮਾਇਕੀ-ਮੰਡਲ ਦੇ ਧਰਮ-ਪ੍ਰਚਾਰ ਵਾਲਾ **ਦਿਮਾਗੀ ਗਿਆਨ,** ਆਤਮਿਕ ਮੰਡਲ ਦੇ **'ਅਨੁਭਵੀ ਧਰਮ'** ਦੀ **ਸਿਰਫ਼ 'ਟੋਹ' 'ਇਸ਼ਾਰਾ', ਦਿਮਾਗੀ-ਸੇਧ ਹੀ ਦੇ ਸਕਦਾ ਹੈ,** ਪਰ ਇਲਾਹੀ **'ਅਨੁਭਵੀ ਗਿਆਨ'** ਦੇ **ਪ੍ਰਕਾਸ਼** ਤੇ **'ਜਲਵੇ'** ਨੂੰ ਬੁਝਣ, ਸੀਝਣ, ਚੀਨਣ, ਪਹਿਚਾਨਣ ਤੇ **ਮਾਨਣ ਤੋਂ ਅਸਮਰਥ ਹੈ।**

ਇਹ ਦਿਮਾਗੀ ਗਿਆਨ, ਸਾਡੇ ਮਨ ਦੇ **'ਸਬਲ ਭ੍ਰਮ-ਗੜ੍ਹ' ਨੂੰ ਤੋੜ ਨਹੀਂ ਸਕਦਾ** ਤੇ ਹਉਮੈਂ ਦੇ ਭਰਮ-ਭੁਲਾਵੇ ਦੀ **ਅਗਿਆਨਤਾ ਦੇ 'ਹਨੇਰ' ਨੂੰ ਦੂਰ ਕੀਤੇ ਬਗੈਰ, ਅੰਤਰ ਆਤਮੇ ਇਲਾਹੀ ਪ੍ਰਕਾਸ਼ ਦਾ ਅਨੁਭਵ ਨਹੀਂ ਹੋ ਸਕਦਾ**

ਕਥਨੀ ਕਹਿ ਭਰਮੁ ਨ ਜਾਈ ॥
ਸਭ ਕਥਿ ਕਥਿ ਰਹੀ ਲੁਕਾਈ ॥ (ਪੰਨਾ-੬੫੫)



and living a life devoted to the service of others, they cultivate the hukam or command (of the Guru)

1 *As You make me walk, so do I walk, O my Lord and Master;*
*what else do I know of Your Glorious Virtues?* 919

2 *Whatever You cause me to do, that I do, O Beloved; I cannot do anything else.* 432

3 *As You cause me to speak, so do I speak, O Lord Master...* 508

4 *Wherever You seat me, there I sit, O my Lord and Master; wherever You send me, there I go.* 993

5 *O God, their reins are in Your hands.* 626

At this spiritual stage the 'slave of the Lord' (spiritual seeker) would have 'lost his ego consciousness' and become a purchases 'slave' of the house of Guru Nanak or the 'abider of Divine Command' and conforms to the Will (of the Lord). In such a person there is not even a trace of 'egotism'.

In the previous lekhs (writings) it has been mentioned that there are two separate realms:-

1 The worldly realm of three aspects (trigun).
2 The Intuitional Divine realm.

In the materialistic world of three aspects there are three separate 'religions' which are being practiced. Their modes of preaching are different. These modes can be supportive of each other or even oppose each other.

The teachings of the different in the materialistic realm are limited to the intellect of the listeners

The effect of the religious preaching in the materialistic realm is limited up to and by the intellectual knowledge of the listeners. This intellectual knowledge coming from the religious preaching of the worldly realm of three aspects can only offer a 'touch', an 'indication' an intellectual direction to the 'intuitional knowledge of the Divine Realm. It is incapable of unravelling, discovering, internalising, recognising and experiencing the 'illumination' and the 'radiance' of the Divine Intuitional Knowledge.

This intellectual knowledge cannot break the powerful doubt ridden fortress of the mind and without removing this darkness created by the doubt ridden egoistic consciousness , the innate divine spiritual enlightenment cannot be experienced.

6 *By preaching sermons, one's doubt is not dispelled.*
*Everyone is tired of preaching and teaching.* 655

ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥ (ਪੰਨਾ-੬੮੪)
ਕਹਨ ਕਹਾਵਨ ਕਉ ਕਈ ਕੇਤੈ ॥
ਐਸੋ ਜਨੁ ਬਿਰਲੋ ਹੈ ਸੇਵਕੁ ਜੋ ਤਤ ਜੋਗ ਕਉ ਬੇਤੈ ॥ (ਪੰਨਾ-੧੩੦੨)

**Our intellectual approach to outer dogmatic religion can at best, take us to the outer court-yard of Divine Realm of God, but is unable to introduce and usher our souls into the Inner Mansions of God's Kingdom.**

ਇਸ ਦਾ ਪੰਜਾਬੀ ਵਿਚ ਅਨੁਵਾਨ ਇਸ ਤਰ੍ਹਾਂ ਕੀਤਾ ਜਾ ਸਕਦਾ ਹੈ —ਸਾਡਾ ਦਿਮਾਗੀ ਗਿਆਨ ਸਾਨੂੰ ਜ਼ਿਆਦਾ ਤੋਂ ਜ਼ਿਆਦਾ, ਆਤਮਿਕ ਮੰਡਲ ਦੇ 'ਬਾਹਰਲੇ ਵੇੜ੍ਹੇ' ਦੀ 'ਟੋਹ' ਜਾਂ 'ਸੇਧ' ਦੇ ਸਕਦਾ ਹੈ, **ਉਸ ਤੋਂ ਅੱਗੇ ਨਹੀਂ ।**

ਬਾਹਰ ਮੁਖੀ ਮਾਇਕੀ ਮੰਡਲ ਦੇ ਧਰਮ-ਪ੍ਰਚਾਰਕਾਂ ਲਈ, ਧਾਰਮਿਕ ਗਿਆਨ ਦੀਆਂ ਯੋਗਤਾਵਾਂ ਤੇ ਡਿਗਰੀਆਂ ਦੀ ਲੋੜ ਹੈ । ਇਨ੍ਹਾਂ ਧਾਰਮਿਕ ਡਿਗਰੀਆਂ ਨੂੰ ਹਾਸਲ ਕਰਨ ਲਈ —

1. ਪੜ੍ਹਾਈ ਕਰਦਿਆਂ ਹੋਇਆਂ,
2. ਖੋਜ ਕਰਦਿਆਂ ਹੋਇਆਂ,
3. ਪ੍ਰਾਪਤ ਕੀਤੇ ਹੋਏ ਗਿਆਨ ਦਾ ਪ੍ਰਚਾਰ ਕਰਦਿਆਂ ਹੋਇਆਂ,
4. ਧਾਰਮਿਕ ਅਸੂਲਾਂ ਦੇ **ਬਾਰੀਕ ਨੁਕਤਿਆਂ ਤੇ 'ਬਾਲ ਕੀ ਖਾਲ'** ਨਿਕਾਲ-**ਦਿਆਂ ਹੋਇਆਂ,**
5. ਬੇਅੰਤ ਕਰਮ-ਕਾਂਡਾਂ ਦੀਆਂ **ਉਕਤੀਆਂ-ਜੁਗਤੀਆਂ** ਤੇ **ਵਾਦ-ਵਿਵਾਦ** ਵਿਚ ਪੈ ਕੇ,

ਸਾਡੀਆਂ ਸੂਖਮ ਮਾਨਸਿਕ ਬਿਰਤੀਆਂ, **'ਬਾਹਰ ਮੁਖੀ'** ਹੋ ਕੇ, **'ਖਿੰਡ-ਪੁੰਡ' ਯਾ ਗਵਾਚ ਜਾਂਦੀਆਂ ਹਨ** ਅਤੇ **'ਬਾਹਰ ਮੁਖੀ ਖਿੰਡਾਓ'** ਵਿਚ, **'ਗਿੱਝੇ' ਹੋਏ** ਮਨ ਦੀਆਂ ਬਿਰਤੀਆਂ ਨੂੰ **ਇੱਕਠੀਆਂ ਕਰਕੇ, ਅੰਤਰ ਮੁਖੀ ਸਿਮਰਨ ਵਿਚ ਲਾਉਣਾ, ਅਤਿ ਕਠਨ ਜਾਂ ਅਸੰਭਵ** ਹੋ ਜਾਂਦਾ ਹੈ । ਏਸੇ ਕਰਕੇ ਜਗਿਆਸੂਆਂ ਦੀ ਆਮ ਸ਼ਿਕਾਇਤ ਹੁੰਦੀ ਹੈ ਕਿ 'ਪਾਠ' ਜਾਂ ਸਿਮਰਨ ਕਰਦਿਆਂ ਹੋਇਆਂ **ਮਨ ਨਹੀਂ ਟਿਕਦਾ ।**

ਪਾਰੇ ਵਾਂਗ ਚੰਚਲ ਬਿਰਤੀਆਂ ਨੂੰ ਜਨਮਾਂ ਤੋਂ **ਬਾਹਰ ਮੁਖੀ 'ਖਿੰਡਣ' ਤੇ 'ਦੌੜਨ' ਦੀ 'ਆਦਤ' ਪਈ ਹੋਈ ਹੈ ਤੇ ਇਸ ਪੱਕੇ ਹੋਏ ਸੁਭਾਉ ਦੇ 'ਉਲਟ'**, ਇਨ੍ਹਾਂ ਨੂੰ ਅੰਤਰ ਮੁਖੀ **ਇੱਕਠੀਆਂ ਕਰਕੇ,** ਸ਼ਬਦ-ਸੁਰਤ ਵਿਚ **ਜੋੜਨਾ** ਜਾਂ **'ਇਕਾਗਰ ਚਿਤ'** ਹੋ ਕੇ **ਸਿਮਰਨ ਕਰਨਾ ਔਖਾ ਹੈ ।**

ਪਰ ਅਸੀਂ ਬਾਹਰ ਮੁਖੀ ਧਾਰਮਿਕ ਕਰਮ-ਕਿਰਿਆ ਤੇ ਦਿਮਾਗੀ ਗਿਆਨ ਦੀਆਂ ਉਕਤੀਆਂ-ਜੁਗਤੀਆਂ ਤੇ ਫ਼ਿਲੌਸਫੀ **ਦੇ ਜੰਗਲ ਵਿਚ,** ਇਤਨੇ ਭਟਕ ਚੁਕੇ ਹਾਂ, ਕਿ ਸਤਿਗੁਰਾਂ



1 *O servant Nanak, without knowing one's own self, the moss of doubt is not removed.* *684*

2 *But one who understands the essence of Yoga - such a humble servant is very rare* *1302*

Our intellectual approach to outer dogmatic religion can at best take us to the outer court-yard of Divine Realm of God, but is unable to introduce and usher our souls into the Inner Mansions of God's Kingdom.

For the propagation of religion in the external worldly realm, there is a need for the right qualifications and degrees in religious knowledge. In the process of obtaining these religious degrees:-

1 while doing studies,
2 while doing research,
3 while preaching the knowledge that has been acquired,
4 while sifting through the finer points of religious principles to remove the (unwanted) silt of ideas,
5 while getting involved in numerous controversies of how and why of rights and rituals,

our subtle mental inclinations becoming externalised, get scattered or even get lost. In this 'external scattered state' to collect the tendencies of an 'ingrained' mind, and refocus it on the innate simran within, is most difficult or impossible. This is why seekers usually complain their minds do not calm down when doing 'paath' or simran.

For over so may births, the mind, like mercury, has formed the habit of being externally 'scattered' and 'restless' and it is difficult to 'reverse' this instilled behaviour and expect the mind to collect itself and do simran by focusing the attention on the Word.

But we have so hopelessly got lost in the jungle of schemes-plots and philosophies of the external religious rites-rituals and intellectual knowledge that

ਦੇ ਤਾਕੀਦੀ ਉਪਦੇਸ਼, **'ਨਾਮ ਸਿਮਰਨ' ਤੋਂ ਦੁਰਾਡੇ ਜਾ ਰਹੇ ਹਾਂ** ਜਾਂ **ਉਕਾ ਹੀ ਭੁੱਲ ਗਏ ਹਾਂ**—

ਨਾਨਕ ਕੈ ਘਰਿ ਕੇਵਲ ਨਾਮੁ ॥ (ਪੰਨਾ-੧੧੩੬)

ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ ॥ (ਪੰਨਾ-੭੬੧)

ਭਜਹੁ ਗੋਬਿੰਦ ਭੂਲਿ ਮਤ ਜਾਹੁ ॥
ਮਾਨਸ ਜਨਮ ਕਾ ਏਹੀ ਲਾਹੁ ॥ (ਪੰਨਾ-੧੧੫੯)

ਸਾਜਨ ਸੰਤ ਕਰਹੁ ਇਹੁ ਕਾਮੁ ॥
ਆਨ ਤਿਆਗਿ ਜਪਹੁ ਹਰਿ ਨਾਮੁ ॥ (ਪੰਨਾ-੨੯੦)

ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ ॥ (ਪੰਨਾ-੨੬੫)

ਪੁੰਨ ਦਾਨ ਜਪ ਤਪ ਜੇਤੇ ਸਭ ਊਪਰਿ ਨਾਮੁ ॥ (ਪੰਨਾ-੪੦੧)

ਉਪਰਲੇ ਗੁਰਵਾਕ ਅਨੁਸਾਰ, ਆਤਮਿਕ ਮੰਡਲ ਦੇ ਇਲਾਹੀ **ਅਨੁਭਵੀ ਗਿਆਨ ਦੇ ਪ੍ਰਚਾਰ ਲਈ**—

1. ਬੁੱਧੀ ਮੰਡਲ ਦੇ ਦਿਮਾਗੀ ਗਿਆਨ **ਤੋਂ 'ਉਤਾਹਾਂ ਉਠ'** ਕੇ,
2. **ਗੁਰਮੁਖ** ਪਿਆਰਿਆਂ ਦੀ **ਸੰਗਤ ਤੇ ਸੇਵਾ** ਕਰਦਿਆਂ ਹੋਇਆਂ,
3. ਬਿਰਤੀਆਂ ਨੂੰ ਅੰਤ੍ਰ-ਆਤਮੇ **ਹਿਰਦੇ ਦੇ 'ਖੂਹਟੇ' ਵਿਚ** ਉਤਾਰ ਕੇ,
4. 'ਸ਼ਬਦ-ਸੁਰਤ' ਵਿਚ **ਜੋੜ ਕੇ,**
5. ਅਟੁਟ **'ਨਾਮ ਅਭਿਆਸ ਕਮਾਈ'**,

ਕਰਨ ਦੀ **ਲੋੜ ਹੈ।**

ਇਸ ਤਰ੍ਹਾਂ **'ਨਾਮ ਸਿਮਰਨ ਕਮਾਈ' ਤੇ ਸੇਵਾ ਕਰਦਿਆਂ ਹੋਇਆਂ,** ਸਤਿਗੁਰਾਂ ਦੀ **'ਨਦਰਿ-ਕਰਮ'** ਹੁੰਦੀ ਹੈ ਗੁਰਸਿਖ ਦੇ ਅੰਤ੍ਰ-ਆਤਮੇ ਹੀ—'ਅਨੁਭਵ ਪ੍ਰਕਾਸ਼', 'ਗੋਵਿਦੁ ਗਜਿਆ', ਸਬਦ 'ਵੁੱਠਾ', 'ਨਦਰੀ-ਨਦਰਿ ਨਿਹਾਲ', ਅਬਿਚਲੀ ਜੋਤ ਦਾ ਵਿਕਾਸ, ਪ੍ਰੇਮ ਛੋਹ, ਅਨਹਦ ਧੁਨੀ, ਗੁਰ ਪ੍ਰਸਾਦਿ, ਸਬਦ, ਨਾਮ, ਪ੍ਰੀਤ, ਪ੍ਰੇਮ, ਰਸ, ਚਾਉ ਆਦਿ **ਸਾਰੇ ਇਲਾਹੀ ਗੁਣ,** ਸਹਿਜ ਸੁਭਾਇ, **ਅਚਿੰਤੇ ਹੀ ਸਫੁਟਤ ਹੋ ਜਾਂਦੇ** ਹਨ। ਇਸ ਤਰ੍ਹਾਂ ਉਹ ਬਖਸ਼ਿਆ ਹੋਇਆ ਗੁਰਮੁਖ ਪਿਆਰਾ, **'ਵਡ ਭਾਗਾ' ਤੇ ਲਾਖੀਣਾ** ਹੋ **ਜਾਂਦਾ ਹੈ ਅਤੇ** —

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ (ਪੰਨਾ-੩੦੬)

ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ ॥ (ਪੰਨਾ-੩੮੧)

ਵਾਲੀ **ਆਤਮਿਕ ਅਵਸਥਾ ਦਾ ਪ੍ਰਤੀਕ ਹੋ ਜਾਂਦਾ ਹੈ।**



we are moving away from or even forgotten about Satguru's mandatory command, on 'Naam Simran

1 *Nanak's home is filled with the Naam, the Name of the Lord.* 1136

2 *Without the Naam, everything is false and worthless.* 761

3 *Vibrate, and meditate on the Lord of the Universe, and never forget Him.*
*This is the blessed opportunity of this human incarnation.* 1159

4 *O friends, O Saints, make this your work.*
*Renounce everything else, and chant the Name of the Lord.* 290

6 *They are not equal to Har, Haray - O Nanak, the Lord's Invaluable Name.* 265

7 *Donations to charity, meditation and penance - above all of them is the Naam.* 401

According to the counsel of the Guru above, To propagate the Divine Intuitional Knowledge of the spiritual realm, thee is a need (for us) to:-

1. to rise above the realm of intellectual knowledge of the mind.
2. to keep the company and serve the guru orientated beloveds
3. to raise the consciousness from the depths of the soul within
4. to merge with the 'Wordless Word'
5. and cultivate the incessant practice of the Naam.

By cultivating the practice of Naam Simran and service (of evolved souls), Guru's merciful glance (falls on the seeker) and the guru orientated spontaneously, without knowing experiences intuitional illumination, the thunder of the Lord's (presence), being 'filled' with the wordless word, total bliss, the proliferation of the Immortal Light,, the touch of love, the celestial melody, the Grace of the Guru, the Wordless Word, the Naam, love, affection, relish, joyousness etc. In this way the blessed guru-orientated beloved (soul) become the most fortunate, the most priceless one and becomes the symbol of the Divine State as stated in the following lines of Gurbani:-

7 *Servant Nanak begs for the dust of the feet of that GurSikh, who himself chants the Naam, and inspires others to chant it.* 306

8 *First, he instructs his own mind, and then, he leads others.* 381

ਅਸਲ ਵਿਚ—

1. ਰਸਨਾ ਨਾਲ 'ਜਪ' ਕਰਨ ਤੋਂ ਲੈ ਕੇ,
2. ਹਿਰਦੈ ਵਿਚ ਧਿਆਉਣਾ ਯਾ ਅਰਾਧਣਾ,
3. 'ਸ਼ਬਦ-ਸੁਰਤ' ਦੁਆਰਾ ਸਿਮਰਨ ਕਰਨਾ,
4. ਅਨਹਦ ਧੁਨੀ ਵਿਚ ਮੋਹਿਆ ਜਾਣਾ,
5. ਅਮਲੀ ਜੀਵਨ ਬਣਾਉਣਾ,
6. ਸ਼ਬਦ ਦੀ 'ਕਮਾਈ' ਕਰਨਾ,
7. ਅੰਤਰ-ਗਤਿ 'ਸ਼ਬਦ-ਸੁਰਤ' ਵਿਚ ਲੀਨ ਹੋਣਾ,
8. 'ਨਾਮ-ਰਸ' ਵਿਚ 'ਪ੍ਰੀਤ-ਪ੍ਰੇਮ', 'ਰਸ-ਚਾਉ' **ਮਾਨਣਾ**, ਅਤੇ

ਇਸੇ ਇਲਾਹੀ ਬਿਸਮਾਦੀ ਪਿਆਰ ਤੇ **ਪ੍ਰਿਮ-ਰਸ ਦੇ ਅਹਿਲਾਦ** ਦੀ **'ਸਹਿਜ ਸਮਾਧ'** ਵਿਚ, ਖਿਨ-ਖਿਨ, ਪਲ-ਪਲ, ਸਵਾਸ-ਸਵਾਸ ਜੀਣਾ, ਥੀਣਾ, ਗੁਆਚਣਾ, ਲੋਟ-ਪੋਟ ਹੋਣ ਦੀ **ਸਮੁੱਚੀ ਆਤਮਿਕ ਕਿਰਿਆ ਹੈ**— ਅਤੇ **'ਆਪਿ ਜਪੈ'** ਦੇ **ਆਦੇਸ਼** ਦਾ **ਪ੍ਰਤੀਕ ਤੇ ਪ੍ਰਗਟਾਵ** ਹੈ।

ਗੁਰਬਾਣੀ ਵਿਚ ਐਸੀ ਅਰੂੜ **ਆਤਮਿਕ ਅਵਸਥਾ ਨੂੰ** ਹੀ—

'ਜੀਵਨ ਰੂਪੁ ਸਿਮਰਣੁ ਪ੍ਰਭ ਤੇਰਾ', ਕਿਹਾ ਗਿਆ ਹੈ।

ਇਸ ਤਰ੍ਹਾਂ—

ਇਲਾਹੀ 'ਜੀਵਨ ਰੌਂ' (Divine Life Current)
ਗੁਰ ਪ੍ਰਸਾਦਿ (Divine Grace)
ਸਬਦ (Wordless WORD),
ਨਾਮ (NAM),

ਗੁਰਮੁਖ ਜਨਾਂ ਦੇ **ਅੰਤਰ-ਆਤਮੇ ਵਿਚੋਂ**—

**ਸਫ਼ੁਟਤ ਹੋ ਕੇ**

ਉਨ੍ਹਾਂ ਦੇ ਤਨ, ਮਨ, ਬੁੱਧੀ ਰਾਹੀਂ, **ਫੁੱਲ ਦੀ ਖੁਸ਼ਬੋ ਵਾਂਗ**, ਆਪ ਮੁਹਾਰੇ —ਪ੍ਰਗਟਾਉਂਦਾ, ਪ੍ਰਕਾਸ਼ਦਾ, ਖਲੇਰਦਾ, 'ਗੱਜਦਾ', 'ਵੁੱਠਾ' ਹੋ ਕੇ **ਅਟੁਟ, ਅਮਿਟ, ਜ਼ੋਰਦਾਰ 'ਲਹਿਰ' ਵਿਚ, ਇਕ ਸਾਰ ਵਹਿੰਦਾ ਹੋਇਆ, 'ਲੋਕਾਈ'** ਨੂੰ, ਸਹਿਜ ਸੁਭਾਇ **'ਜੀਵਨ-ਦਾਨ' ਦੇ ਕੇ, ਸ਼ਰਸ਼ਾਰ ਕਰੀ ਜਾਂਦਾ ਹੈ।**

ਇਹੋ ਹੀ ਆਤਮਿਚ ਮੰਡਲ ਦਾ ਸੱਚਾ-ਸੁਚਾ

**ਇਲਾਹੀ 'ਧਰਮ-ਪ੍ਰਚਾਰ' ਹੈ,**

**ਅਤੇ 'ਅਵਰਹ ਨਾਮੁ ਜਪਾਵੈ'** ਦਾ **ਪ੍ਰਤੀਕ ਤੇ ਪ੍ਰਗਟਾਵਾ ਹੈ।**

(ਚਲਦਾ)



The truth is:-

1. from the moment of chanting with the tongue,,
2. the worship or remembering in the heart,
3. doing simran through word consciousness,
4. getting lost in the divine melody,
5. living a life as ordained (by the Guru),
6. making an effort to cultivate (the Guru's) Word,
7. to merge in the innate self of word consciousness
8. to experience the blissful state that results from the love and affection of 'relish of the Naam'

and from moment to moment, from breath to breath, to live, to be, to get lost, to become totally intoxicated in this wondrous love and in the blissful spontaneity of the exuberance of love for God, this is the overall spiritual activity - the symbol and the manifestation of the goal of the one who ' himself chants (worships)'.

In Gurbani the '*arhoor*' state (the state where restless mind stills itself) is one which has been referred to as;-

*Your meditation and remembrance is life-giving, O God.* 743

In this way,

Divine Life Current
Divine Grace
Wordless Word
Naam

bursts forth from innate self of guru orientated beings through their body, mind and conscience and like the scent of a flower, automatically manifesting, illuminating, radiating, thundering, filling and flowing incessantly without interruption in one continuous, limitless, powerful stream, spontaneously bestowing the 'gift of life' upon 'mankind' thereby making them intoxicated.

This is spiritual realm's true – pure

divine 'religious preaching',

and is the symbol and manifestation of (the guru's counsel) 'make others chant (worship) the Naam'.

Cont/...Lekh 19